# ਸੂਰਾ

ਅੰਮ੍ਰਿਤਸਰ AMRITSAR

ਸਤੰਬਰ ੧੯੮੨

Sep 1982

## ਭਾਈ ਮਤੀ ਦਾਸ ਜੀ ਸ਼ਹੀਦ



ਨਿਰਦਈ ਮੁਗ਼ਲ ਹਾਕਮਾਂ ਵਲੋਂ ਕੀਤੇ ਜਾ ਰਹੇ ਜ਼ੁਲਮਾਂ ਦਾ ਇਕ ਖ਼ੂਨੀ ਦ੍ਰਿਸ਼
ਸਰੀਰ ਸ਼ਕੰਜੇ ਵਿਚ ਜਕੜ ਕੇ ਦੋ-ਫਾੜ ਕੀਤਾ ਜਾ ਰਿਹਾ ਹੈ ।

www.AKJ.Org

ਡੀ. ਪੀ. ਆਈ. ਪੰਜਾਬ ਵਲੋਂ ਚਿਠੀ ਨੰਬਰ ੩/੭੦-੬੮-੨੧ (ਮਿਤੀ ੧੭-੧੦-੬੮ ਅ. ਪ.) ਅਨੁਸਾਰ 'ਸੂਰਾ' ਮਾਸਕ ਪੱਤਰ ਕਾਲਜਾਂ, ਸਕੂਲਾਂ ਅਤੇ ਸਮਾਜਿਕ ਸਿਖਿਆ ਕੇਂਦਰਾਂ ਦੀਆਂ ਲਾਇਬਰੇਰੀਆਂ ਲਈ ਪਰਵਾਨ ਹੈ।

# ਤਤਕਰਾ


| | | | |
|---|---|---|---|
| ਰੇ ਮਨ ਲੇਖੇ ਕਬਹੂ ਨ ਪਾਇ | ਵਿਆਖਿਆ ਵਲੋਂ:- | ਭਾ: ਸਾ: ਭਾਈ ਰਣਧੀਰ ਸਿੰਘ ਜੀ | ੩ |
| ਭਲੀ ਸੁਹਾਵੀ ਛਾਪਰੀ | | ,, ,, ,, | ੫ |
| ਪੂਰਬ ਜਨਮ ਕੇ ਮਿਲੇ ਸੰਜੋਗੀ (੮) | | ਪ੍ਰੋਫੈਸਰ ਠਾਕਰ ਸਿੰਘ ਜੀ | ੭ |
| ਨਾਨਕ-ਵਾਦ ਹੈ ਅੱਜ ਦਾ ਹੱਲ ਲੋਕੋ (ਕਵਿਤਾ) | | ਸ: ਦਾਨ ਸਿੰਘ ਜੀ ਕੋਮਲ | ੧੩ |
| ਕੇਸ ਤੇ ਨਾਖ਼ੁਨ ਰੱਬ ਦੀ ਦੇਣ | | ਮੇਜਰ ਗੁਰਬਖ਼ਸ਼ ਸਿੰਘ ਜੀ | ੧੪ |
| ਸਿਖ ਕੌਮ ਦਾ ਸ਼ਾਨਦਾਰ ਵਿਰਸਾ ਤੇ ਅਰੁਣ ਸ਼ੋਰੀ (੨) | | ਸ: ਦੇਵਿੰਦਰ ਸਿੰਘ ਜੀ ਦੁੱਗਲ | ੧੬ |
| ਕਿਰਪਾਨ ਬਹਾਦਰ | | ਸ: ਕੁਲਦੀਪ ਸਿੰਘ ਜੀ ਹਉਰਾ | ੨੫ |
| ਅਣ-ਸੁਖਾਵੀਂ ਵਿਰੋਧਤਾ | | ਗਿ: ਗੋਪਾਲ ਸਿੰਘ ਜੀ ਮਿਤਰ | ੨੮ |
| ਸ਼ਹੀਦ ਭਾਈ ਮਤੀ ਦਾਸ ਜੀ | | ਗਿ: ਭਜਨ ਸਿੰਘ ਜੀ | ੩੦ |
| ਪੰਥਕ ਸਮਾਚਾਰ -- | ਅਖ਼ਬਾਰਾਂ ਦੀ ਜ਼ਬਾਨੀ | | ੩੫ |
| ਨਿਸ਼ਾਨ ਸਾਹਿਬਾਨ ਤੇ ਸੋਨੇ ਦਾ ਖੰਡਾ | | ਸ: ਹਰਬੰਸ ਸਿੰਘ ਜੀ ਲਾਇਲਪੁਰੀ | ੪੧ |
| ਨਾਨਕਵਾਦ-ਸਾਂਝੀਵਾਲਤਾ ਦਾ ਸਿਧਾਂਤ | | ਸ: ਧਰਮ ਸਿੰਘ ਜੀ | ੪੨ |


| | | | |
|---|---|---|---|
| ਸ੍ਰੀ ਗੁਰੂ ਅਮਰਦਾਸ ਜੀ ਗੁਰਿਆਈ | ੧ ਸਤੰਬਰ | ਸ੍ਰੀ ਗੁਰੂ ਅਮਰਦਾਸ ਜੀ ਜੋਤੀ ਜੋਤਿ | ੩ ਸਤੰਬਰ |
| ਸ੍ਰੀ ਗੁਰੂ ਅੰਗਦ ਦੇਵ ਜੀ ਗੁਰਿਆਈ | ੮ ਸਤੰਬਰ | ਸ੍ਰੀ ਗੁਰੂ ਨਾਨਕ ਦੇਵ ਜੀ ਜੋਤੀ ਜੋਤਿ | ੧੨ ਸਤੰਬਰ |

ਨੋਟ :-ਨਵੇਂ ਪੁਰਾਣੇ ਅਮਾਨਤੀ ਲਾਈਫ਼ ਮੈਂਬਰਾਂ ਦੀਆਂ ਆਈਆਂ ਰਕਮਾਂ ਆਉਂਦੇ ਪਰਚੇ ਵਿਚ ਵੇਖੋ

## ਅਕਾਲੀ ਦਲ ਵਲੋਂ ਧਰਮ-ਯੁਧ ਮੋਰਚਾ

ਸ਼ਰਾਰਤੀ ਅਨਸਰ ਵਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਰ ਬਾਰ ਕੀਤੀ ਗਈ ਬੇਅਦਬੀ ਦੇ ਦੋਸ਼ੀਆਂ ਨੂੰ ਪਕੜਨ ਵਿਚ ਸਰਕਾਰ ਦੀ ਅਣਗਹਿਲੀ, ਨਿਰਦੋਸ਼ ਸਿੰਘਾਂ ਤੇ ਹੋ ਰਹੇ ਅਤਿਆਚਾਰਾਂ ਅਤੇ ਪੰਜਾਬ ਨਾਲ ਹੋ ਰਹੇ ਵਿਤਕਰਿਆਂ ਵਿਰੁਧ ਸ਼ਰੋਮਣੀ ਅਕਾਲੀ ਦਲ ਵਲੋਂ 4 ਅਗਸਤ ਨੂੰ ਸ਼ਾਂਤਮਈ ਮੋਰਚਾ ਅਰੰਭ ਕੀਤਾ ਗਿਆ ਹੈ। ਹੁਣ ਤਕ ਹਜ਼ਾਰਾਂ ਸਿੰਘ ਸ਼ਾਂਤਮਈ ਰਹਿੰਦੇ ਹੋਏ ਗ੍ਰਿਫ਼ਤਾਰੀ ਦੇ ਚੁਕੇ ਹਨ। ਸਿਖ ਸੰਗਤਾਂ ਵਿਚ ਇਸ ਧਰਮ-ਯੁਧ ਲਈ ਜੋਸ਼ ਦਿਨੋ ਦਿਨ ਵਧ ਰਿਹਾ ਹੈ ਅਤੇ ਸੰਗਤਾਂ ਭਾਰੀ ਗਿਣਤੀ ਵਿਚ ਪੁਜ ਰਹੀਆਂ ਹਨ। ਜਿਉਂ ਜਿਉਂ ਸਿੰਘਾਂ ਤੇ ਸਖਤੀਆਂ ਤੇ ਅਤਿਆਚਰਾਂ ਦੀਆਂ ਘਟਨਾਵਾਂ ਸੰਗਤਾ ਸੁਣਦੀਆਂ ਹਨ ਤਿਉਂ ਤਿਉਂ ਸਿੰਘਾਂ ਅੰਦਰ ਸਿੱਖੀ ਦੀ ਆਨ ਸ਼ਾਨ ਲਈ ਮਰ ਮਿਟਣ ਦਾ ਜਜ਼ਬਾ ਹੋਰ ਹੋਰ ਵਧਦਾ ਜਾ ਰਿਹਾ ਹੈ। ਇਸ ਮੋਰਚੇ ਨੂੰ ਸਮੁੱਚੇ ਸੰਤ ਸਮਾਜ ਵਲੋਂ ਅਤੇ ਸਿਖ ਜਥੇਬੰਦੀਆਂ ਵਲੋਂ ਅਥਵਾ ਸਿਖ ਜਗਤ ਵਲੋਂ ਹਮਾਇਤ ਪ੍ਰਾਪਤ ਹੈ।

ਸਿਖ ਕੌਮ ਜ਼ੋਰ ਜ਼ੁਲਮ ਨਾਲ ਕਦੇ ਦਬਾਈ ਨਹੀਂ ਗਈ ਅਤੇ ਨਾ ਹੀ ਦਬਾਈ ਜਾ ਸਕਦੀ ਹੈ, ਸਗੋਂ ''ਜਬੈ ਬਾਣ ਲਾਗਯੋ ਤਬੈ ਰੋਸ ਜਾਗਯੋ'' ਦਸਮੇਸ਼ ਜੀ ਦੇ ਫ਼ੁਰਮਾਨ ਅਨੁਸਾਰ ਇਹ ਹਰ ਪ੍ਰੀਖਿਆ ਵਿਚੋਂ ਕੁੰਦਨ ਹੋ ਨਿਕਲਦੀ ਹੈ। ਗੁਰੂ ਰਾਖਾ!

ਅਜ 28 ਅਗਸਤ ਤਕ 5614 ਸਿੰਘ ਗ੍ਰਿਫਤਾਰੀਆਂ ਦੇ ਚੁਕੇ ਹਨ। ਇਨ੍ਹਾਂ ਤੋਂ ਇਲਾਵਾ ਰੋਜ਼ਾਨਾ 'ਅਜੀਤ' ਅਨੁਸਾਰ 305 ਅਕਾਲੀ ਵਰਕਰ ਤੇ ਲੀਡਰ ਵਖ ਵਖ ਥਾਵਾਂ ਤੋਂ ਗ੍ਰਿਫ਼ਤਾਰ ਕਰ ਲਏ ਗਏ ਹਨ।

ਲਾਕਟ ਪ੍ਰਿੰਟਰਜ਼, ਬਜ਼ਾਰ ਬਾਬਾ ਭੌੜੀ ਵਾਲਾ, ਅੰਮ੍ਰਿਤਸਰ ਤੋਂ ਛਪਵਾ ਕੇ ਸੇਵਾ ਸਿੰਘ ਪ੍ਰਿੰਟਰ, ਪਬਲਿਸ਼ਰ ਤੇ ਸੰਪਾਦਕ ਨੇ ਅਖੰਡ ਕੀਰਤਨੀ ਜਥੇ ਵਲੋਂ ਬਜ਼ਾਰ ਮਾਈ ਸੇਵਾਂ, ਕੂਚਾ ਚਤਰ ਸਿੰਘ, ਅੰਮ੍ਰਿਤਸਰ ਤੋਂ ੧. ੯. ੮੨ ਨੂੰ ਪ੍ਰਕਾਸ਼ਤ ਕੀਤਾ।
ਟੈਲੀਫੋਨ ਨੰਬਰ : 51847 ਘਰ : 43094

www.AKJ.Org

ਜਾ ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ ਸੋ ਕਹੀਅਤ ਹੈ ਸੂਰਾ॥

ੴ ਵਾਹਿਗੁਰੂ ਜੀ ਕੀ ਫਤਹ

# ਸੂਰਾ

ਮਾਸਕ ਸ੍ਰੀ ਅੰਮ੍ਰਿਤਸਰ ਪੱਤਰ

**ਸਾਲਾਨਾ ਚੰਦਾ**

ਦੇਸ ੧੫-੦੦
ਇਕ ਪਰਚਾ ੧-੨੫

ਪਰਦੇਸ

ਸਮੁੰਦਰੀ ਡਾਕ ੩੦-੦੦

ਹਵਾਈ ਡਾਕ

ਅਰਬ, ਮਲਾਇਆ ੪੫-੦੦
ਯੂ. ਕੇ., ਅਫਰੀਕਾ ੬੦-੦੦
ਕੈਨੇਡਾ, ਅਮਰੀਕਾ ੭੦-੦੦

**ਅਮਾਨਤੀ**
**ਲਾਈਫ ਮੈਂਬਰ**

ਦੇਸ ੧੫੦-੦੦
ਪਰਦੇਸ ੩੦੦-੦੦

ਹਵਾਈ ਡਾਕ

ਯੂ. ਕੇ. ਅਫਰੀਕਾ ੬੫੦-੦੦
ਕੈਨੇਡਾ, ਅਮਰੀਕਾ ੭੦੦-੦੦
ਅਰਬ ਮਲਾਇਆ ੫੦੦-੦੦

**ਅਖੰਡ ਕੀਰਤਨੀ ਜੱਥੇ ਵਲੋਂ ਨਿਰੋਲ ਗੁਰਮਤਿ ਮਾਸਕ ਪੱਤਰ**

ਜਿਲਦ ੧੯ ਸਤੰਬਰ ੧੯੮੨ ਅੰਕ ੯

## ਰੇ ਮਨ ਲੇਖੇ ਕਬਹੂ ਨ ਪਾਇ॥

ਸੁਇਨੇ ਕਾ ਚਉਕਾ ਕੰਚਨ ਕੁਆਰ ॥ ਰੁਪੇ ਕੀਆ ਕਾਰਾ ਬਹੁਤੁ ਬਿਸਥਾਰੁ ॥
ਗੰਗਾ ਕਾ ਉਦਕੁ ਕਰੰਤੇ ਕੀ ਆਗਿ ॥ ਗਰੁੜਾ ਖਾਣਾ ਦੁਧ ਸਿਉ ਗਾਡਿ ॥੧॥
ਰੇ ਮਨ ਲੇਖੈ ਕਬਹੂ ਨ ਪਾਇ ॥ ਜਾਮਿ ਨ ਭੀਜੈ ਸਾਚ ਨਾਇ ॥੧॥ਰਹਾਉ॥
ਦਸ ਅਠ ਲੀਖੇ ਹੋਵਹਿ ਪਾਸਿ ॥ ਚਾਰੇ ਬੇਦ ਮੁਖਾਗਰ ਪਾਠਿ ॥
ਪੁਰਬੀ ਨਾਵੈ ਵਰਨਾ ਕੀ ਦਾਤਿ ॥ ਵਰਤ ਨੇਮ ਕਰੇ ਦਿਨ ਰਾਤਿ ॥੨॥
ਕਾਜੀ ਮੁਲਾਂ ਹੋਵਹਿ ਸੇਖ ॥ ਜੋਗੀ ਜੰਗਮ ਭਗਵੇ ਭੇਖ ॥
ਕੋ ਗਿਰਹੀ ਕਰਮਾ ਕੀ ਸੰਧਿ ॥ ਬਿਨੁ ਬੂਝੇ ਸਭ ਖੜੀਅਸਿ ਬੰਧਿ ॥੩॥
ਜੇਤੇ ਜੀਅ ਲਿਖੀ ਸਿਰਿ ਕਾਰ ॥ ਕਰਣੀ ਉਪਰਿ ਹੋਵਗਿ ਸਾਰ ॥
ਹੁਕਮੁ ਕਰਹਿ ਮੂਰਖ ਗਾਵਾਰ ॥ ਨਾਨਕ ਸਾਚੇ ਕੇ ਸਿਫਤਿ ਭੰਡਾਰ ॥੪॥੩॥

[ਬਸੰਤ ਮ: ੧—੧੧੬੯

**ਵਿਆਖਿਆ**—[ਵਲੋਂ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ]

ਨਾਮ ਸਿਮਰਨ ਤੁਲ ਕੋਈ ਕਰਮ ਨਹੀਂ। ਭਾਵੇਂ ਸੋਨੇ ਦਾ ਚਉਕਾ ਹੋਵੇ ਅਤੇ ਸੋਨੇ ਦੇ ਹੀ ਕਰੂਏ



www.AKJ.Org

(ਗਾਗਰ ਮਟਕ ਲਟ ਆਦਿਕ ਬਰਤਨ) ਹੋਣ। ਚਾਂਦੀ ਸੋਨੇ ਦੀਆਂ ਕਾਰਾਂ ਕਢੀਆਂ ਜਾਣ। ਏਡ ਵਡਾ ਅਡੰਬਰ ਬਹੁਤ ਸਾਰਾ ਕੀਤਾ ਜਾਵੇ—ਗੰਗਾ ਦਾ ਜਲ ਲਿਆ ਕੇ ਚਉਕੇ ਵਿਚ ਵਰਤਿਆ ਜਾਵੇ, ਯਗ ਹਵਨ ਦੀ ਪਵਿਤਰ ਸਮਝੀ ਗਈ ਅੱਗ ਉਸ ਚਉਕੇ ਵਿਚ ਜਲਾਈ ਜਾਏ, ਜੋ ਸੂਰਜ ਦੀਆਂ ਕਿਰਨਾਂ ਚੋਂ ਯਾ ਪੱਥਰ ਘਸਾ ਕੇ ਮਚਾਈ ਜਾਂਦੀ ਹੈ। ਐਸੇ ਚਉਕੇ ਵਿਚ ਦੁਧ ਨਾਨ ਮਿਲਾ ਕੇ ਚਉਲਾਂ ਦੇ ਨਰਮ ਖਾਣੇ ਦੀ ਪਵਿਤਰ ਰਸੋਈ ਕੀਤੀ ਜਾਵੇ ਅਤੇ ਐਸੀ ਰਸੋਈ ਦਾ ਬਣਿਆ ਆਹਾਰ ਭੁੰਚਿਆ ਜਾਵੇ।

ਏਡੇ ਅਡੰਬਰੀ ਆਹਾਰ ਕਰਮ ਕੀਤੇ ਕਿਸੇ ਭੀ ਲੇਖੇ ਨਹੀਂ ਪੈਂਦੇ। ਜਦ ਤੱੜੀ ਸਚੇ ਨਾਮ ਦੀ ਅਭਿਆਸ ਕਮਾਈ ਕਰ ਕੇ ਭਿਜਿਆ ਨਾ ਜਾਵੇ। ਲੇਖੇ ਪੈਂਦੀ ਹੈ ਤਾਂ ਗੁਰਮਤਿ ਨਾਮ ਦੀ ਰਸ-ਭਿੰਨੀ ਕਮਾਈ ਹੀ ਲੇਖੇ ਪੈਂਦੀ ਹੈ। ਹੋਰ ਆਨ-ਮਤ ਕਰਮ ਕਿਸੇ ਭੀ ਲੇਖੇ ਨਹੀਂ ਪੈਂਦੇ।

ਅਠਾਰ੍ਹਾਂ ਹੀ ਪੁਰਾਣ ਆਪਣੇ ਹੱਥੀਂ ਲਿਖ ਕੇ ਪਾਸ ਧਰੇ ਹੋਏ ਹੋਣ। ਚਾਰੇ ਹੀ ਵੇਦਾਂ ਦਾ ਮੂੰਹ-ਜ਼ਬਾਨੀ ਪਾਠ ਚੇਤੇ ਹੋਵੇ ਅਤੇ ਨਿਤਾਪ੍ਰਤਿ ਕੀਤਾ ਜਾਵੇ। ਖ਼ਾਸ ਆਨਮਤੀ ਤਿਉਹਾਰਾਂ ਸਮੇਂ ਸਾਰੇ ਆਨਮਤੀ ਤੀਰਥਾਂ ਤੇ ਨ੍ਹਾਇਆ ਜਾਵੇ। ਖਤਰੀ ਬ੍ਰਾਹਮਣ ਆਦਿ ਵਰਨਾਂ ਲਈ ਜੋ ਦਾਨ ਪੁੰਨ ਕਰਨੇ ਲਿਖੇ ਹਨ, ਉਹ ਭੀ ਕੀਤੇ ਜਾਣ ਅਤੇ ਐਨ ਪੁਰਬੀ ਲਗੀ ਸਮੇਂ ਅਭੀਚ ਨਛੱਤ੍ਰ ਸਮੇਂ ਕੀਤੇ ਜਾਣ। ਹਿੰਦੂ ਮਤ ਦੇ ਵਰਤ ਨੇਮ ਸੰਜਮ ਸਾਰੇ ਹੀ ਕੀਤੇ ਜਾਣ ਅਤੇ ਦਿਨੇ ਰਾਤ ਲਗਾਤਾਰ ਹਫ਼ਤਿਆਂ ਬਰਸਾਂ ਬਧੀ ਕੀਤੇ ਜਾਣ। ਅਜਿਹੇ ਆਨਮਤੀ ਕਰਮ ਕੀਤੇ ਕਿਸੇ ਭੀ ਲੇਖੇ ਨਹੀਂ ਪੈਂਦੇ। ਅਜਾਈਂ ਜਾਂਦੇ ਹਨ।

ਭਾਵੇਂ ਮੁਸਲਮਾਨੀ ਮੱਤ ਦੇ ਕਾਜੀ ਮੁਲਾਂ ਅਤੇ ਸ਼ੇਖ਼ ਕਿਤਨੇ ਹੀ ਕੁਰਾਨ ਕਤੇਬੀ ਮਸਲੇ ਅਤੇ ਸ਼ਰਹ ਦੇ ਕਰਮ ਕਮਾਉਣ ਵਾਲੇ ਹੋਣ। ਅਤੇ ਹਿੰਦੂ ਮੱਤ ਦੇ ਭਾਵੇਂ ਕਿਤਨੇ ਹੀ ਜੋਗੀ ਜੰਗਮ ਸੰਨਿਆਸੀ ਉਦਾਸੀ ਭਗਵੇ ਭੇਸ ਦਾ ਵੇਸ ਧਾਰ ਕੇ ਆਨਮਤ ਧਰਮਾਂ ਦੇ ਅਨੇਕਾਂ ਕਰਮਾਂ ਨੂੰ ਕਰਨਹਾਰੇ ਹੋਣ ਅਤੇ ਭਾਵੇਂ ਕਿਤਨੇ ਹੀ ਗ੍ਰਿਹਸਤੀ ਕਰਮਾਂ ਦੀ ਸੰਧ ਮਿਲਾ ਕੇ ਕਰਮ ਕਮਾਉਣ ਵਾਲੇ ਹੋਣ। ਏਹਨਾਂ ਸਾਰੇ ਹੀ ਆਨਮਤ ਕਰਮਾਂ ਦੇ ਕਰਨਹਾਰੇ ਜਮਪੁਰਿ ਬੰਨ੍ਹ ਕੇ ਚਲਾਏ ਜਾਣਗੇ। ਕਿਸੇ ਦਾ ਲਿਹਾਜ਼ ਨਹੀਂ ਕੀਤਾ ਜਾਊ। ਗੁਰਮਤਿ ਨਾਮ ਨੂੰ ਬੁਝੇ ਬਿਨਾਂ, ਤੇ ਬੁਝ ਕੇ ਕਮਾਏ ਬਿਨਾਂ ਬੰਦ-ਖਲਾਸੀ ਕਦੇ ਭੀ ਨਹੀਂ ਹੁੰਦੀ। ਇਹਨਾਂ ਆਨਮਤ ਕਰਮਾਂ ਦੇ ਕਮਾਉਣ ਕਰਿ ਕਦਾਚਿਤ ਨਹੀਂ ਹੋ ਸਕਦੀ।

ਜਿਤਨੇ ਭੀ ਜੀਅ ਜੰਤ ਹਨ, ਸਭਨਾਂ ਦੇ ਸਿਰ ਤੇ ਕਾਰ ਲਿਖੀ ਹੋਈ ਹੈ, ਉਸ ਲਿਖੀ ਕਾਰ ਲਿਖਤ ਦੇ ਅਨੁਸਾਰ ਹੀ ਉਹ ਕਰਮ ਕਮਾਉਂਦੇ ਹਨ। ਪਰੰਤੂ ਗੁਰਮਤਿ ਕਰਨੀ ਹੀ ਸਭ ਤੋਂ ਪ੍ਰਧਾਨ ਕਰਮਨੀ ਸ੍ਰੇਸ਼ਟ ਕਾਰ ਹੈ। ਜਦ ਨਿਸਤਾਰਾ ਹੋਣਾ ਹੈ ਤਾਂ ਗੁਰਮਤਿ ਸਿਫਤ ਸਾਲਾਹੀ ਸਚੀ ਸਾਰ ਕਰਨੀ ਦੁਆਰਾ ਹੀ ਹੋਣਾ ਹੈ। ਸਚੇ ਦੀ ਸਿਫਤ ਸਾਲਾਹ ਦੇ ਭੰਡਾਰ ਗੁਰੂ ਨਾਨਕ ਸਾਹਿਬ ਦੇ ਘਰ ਦਰ ਦਰਬਾਰ ਵਿਚ ਖੁੱਲ੍ਹੇ ਹੋਏ ਹਨ। ਜੋ ਏਸ ਘਰ ਦਰ ਦਰਬਾਰ ਨੂੰ ਛਡ ਕੇ ਹੋਰ ਥਾਵੀਂ, ਹੋਰਨੀਂ ਆਨਮਤ ਦੇ ਘਰੀਂ ਦਰੀਂ ਟਕਰਾਂ ਮਾਰਦੇ ਫਿਰਦੇ ਹਨ ਓਹ ਮਨਮਤੀਏ ਮੂਰਖ ਗਾਵਾਰ ਹਨ। ਓਹ ਲੋਕਾਂ ਉਤੇ ਆਪਣੇ ਮਨਮਤ ਦੀ ਆਨਮਤ-ਕਰਮੀ ਈਨ ਜਮਾ ਕੇ, ਆਪਣਾ ਹੁਕਮ ਚਲਾਉਣਾ ਚਾਹੁੰਦੇ ਹਨ ਸੋ ਸਭ ਬਿਰਥਾ ਹੈ। ਕਿਤਨੇ ਹੀ ਆਪਾ-ਪੰਥੀ ਆਪਣੀ ਆਪਣੀ ਕਰਮ-ਧਰਮ ਹੁਕਮੀ ਈਨ ਚਲਾ ਕੇ ਚਲੇ ਗਏ; ਓੜਕ ਇਹ ਮੀਣੇ ਰਸਾਤਲੀਂ ਹੀ ਜਾ ਪਏ। ਏਹਨਾਂ ਦੇ ਮਨਮਤਿ ਕਰਮ ਏਹਨਾਂ ਨੂੰ ਨਾ ਹੀ ਸਹਾਈ ਹੋਏ। ਨਾ ਇਹਨਾਂ ਦੇ ਪਿਛਲੱਗਾਂ ਨੂੰ ਏਹਨਾਂ ਆਨਮਤ ਮਨਮਤੀ ਕਰਮਾਂ ਦੀ ਕੋਈ ਸਹਾਇਤਾ ਹੋਈ।

("ਗੁਰਮਤਿ ਕਰਮ ਫ਼ਿਲਾਸਫ਼ੀ" ਪੁਸਤਕ ਵਿਚੋਂ)



www.AKJ.Org

# ਭਲੀ ਸੁਹਾਵੀ ਛਾਪਰੀ

[ਵਲੋਂ—ਗੁਰਪੁਰਵਾਸੀ ਭਾ: ਸਾ: ਭਾਈ ਰਣਧੀਰ ਸਿੰਘ ਜੀ]

ਪ੍ਰਿਅ ਪ੍ਰੀਤਮ ਦੇ ਦਰਸ ਪਿਆਸ ਸੁਹਾਗ ਭਾਗ ਦੇ ਅਕਾਂਖੀਆਂ ਨੂੰ ਭਲਾ ਹੋਰ ਅਡੰਬਰਾਂ ਨਾਲ ਤਾਤਪਰਜ ਕੀ ? ਇਉਂ ਉਚ ਅਕਾਂਖਿਆ ਦੇ ਹੋਂਦਿਆਂ ਨਾਮ ਮਹਾਂ ਰਸ ਦਾ ਭੋਜਨ-ਅਹਾਰ ਗੁਰਮਤਿ ਬਿਬੇਕ ਦੇ ਧਾਰਨੀ ਗੁਰਮੁਖ ਜਨਾਂ ਨੂੰ ਤ੍ਰਿਪਤ ਕਰਾਵਣਹਾਰ ਹੈ। ਵਡਿ-ਅਡੰਬਰੀ ਭੋਜਨ ਬਿੰਜਨਾ ਦੀ ਰੁਚੀ ਉਨ੍ਹਾਂ ਦੀ ਸੁਰਤੀ ਬਿਰਤੀ ਉਤੇ ਕਦੇ ਭੀ ਪ੍ਰਬਲ ਨਹੀਂ ਪੈ ਸਕਦੀ। ਪ੍ਰਬਲ ਤਾਂ ਕੀ ਪੈਣੀ ਸੀ, ਇਹ ਰੁਚੀ ਉਨ੍ਹਾਂ ਨੂੰ ਉਪਜ ਵਿਆਪ ਹੀ ਨਹੀਂ ਸਕਦੀ। ਜੈਸਾ ਕਿ ਅਗਲੇ ਗੁਰਵਾਕ ਦਾ ਤਾਤਪਰਜ ਹੈ। ਯਥਾ ਗੁਰਵਾਕ—

ਵਾਰਿ ਵਾਰਉ ਅਨਿਕ ਡਾਰਉ ॥ ਸੁਖ ਪ੍ਰਿਅ ਸੁਹਾਗ ਪਲਕ ਰਾਤ ॥੧॥ਰਹਾਉ॥
ਕਨਿਕ ਮੰਦਰ ਪਾਟ ਸੇਜ ਸਖੀ ਮੋਹਿ ਨਾਹਿ ਇਨ ਸਿਉ ਤਾਤ ॥੧॥
ਮੁਕਤ ਲਾਲ ਅਨਿਕ ਭੋਗ ਬਿਨੁ ਨਾਮ ਨਾਨਕ ਹਾਤ ॥
ਰੂਖੋ ਭੋਜਨੁ ਭੂਮਿ ਸੈਨ ਸਖੀ ਪ੍ਰਿਅ ਸੰਗਿ ਸੂਖਿ ਬਿਹਾਤ ॥੨॥੩॥੪੨॥

ਕਾਨੜਾ ਮ: ੫, ਪੰਨਾ ੧੩੦੬

ਇਸ ਗੁਰਵਾਕ ਦੇ ਭਾਵ ਤੋਂ ਇਹ ਭੀ ਸਿਧ ਹੋਇਆ ਕਿ ਗੁਰਮੁਖ ਬਿਬੇਕੀ ਜਨਾਂ, ਪ੍ਰਿਅ ਪ੍ਰੀਤਮ ਦੇ ਦਰਸ ਪ੍ਰਯੋਜਨੀਆਂ ਨੂੰ ਅਨਿਕ ਪ੍ਰਕਾਰੀ ਅਤੇ ਵਡਿ-ਅਡੰਬਰੀ ਭੋਗ-ਰਸਾਂ ਅਤੇ ਰਾਜ-ਮੰਦਰਾਂ ਦੇ ਪਾਟ-ਪਟੰਬਰੀ ਸੇਜ ਸੇਜੰਬਰੀ ਸੁਖਾਂ ਨਾਲੋਂ "ਰੂਖੋ ਭੋਜਨੁ ਭੂਮਿ ਸੈਨ" ਦੀ ਸਧਾਰਨ ਬਿਰਤ ਵਿਖੇ ਸਗੋਂ ਸੁਹਣੀ ਵਿਹਾਉਂਦੀ ਹੈ। ਗੁਰੂ ਘਰ ਵਿਖੇ ਗੁਰਮਤਿ ਬਿਬੇਕੀ ਜਨਾਂ ਦੀ ਗੁਰਮੁਖ ਗਰੀਬੀ ਵਾਲੀ ਬਿਰਤ ਨੂੰ, ਤ੍ਰੈਗੁਣੀ ਸਿਕਦਾਰੀ, ਵਡਿ ਗਿਰੰਬਾਰੀ ਵਾਲੀ ਰਾਜ ਬਿਰਤ ਨਾਲੋਂ ਅਨਿਕ ਗੁਣਾਂ ਅਧਿਕ ਸ੍ਰੇਸ਼ਟ ਅਤੇ ਸ਼ੋਭਨੀਕ ਮੰਨਿਆ ਪ੍ਰਮੰਨਿਆ ਗਿਆ ਹੈ। ਜੈਸੇ ਕਿ ਅਗਲੇਰੇ ਗੁਰ-ਪ੍ਰਮਾਣ ਦਾ ਭਾਵ ਹੈ। ਯਥਾ ਗੁਰਵਾਕ—

ਭਲੀ ਸੁਹਾਵੀ ਛਾਪਰੀ ਜਾ ਮਹਿ ਗੁਨ ਗਾਏ ॥
ਕਿਤ ਹੀ ਕਾਮਿ ਨ ਧਉਲਹਰ ਜਿਤੁ ਹਰਿ ਬਿਸਰਾਏ ॥੧॥ਰਹਾਉ॥
ਅਨਦੁ ਗਰੀਬੀ ਸਾਧ ਸੰਗਿ ਜਿਤੁ ਪ੍ਰਭ ਚਿਤਿ ਆਏ ॥
ਜਲਿ ਜਾਉ ਏਹੁ ਬਡਪਨਾ ਮਾਇਆ ਲਪਟਾਏ। ੧॥
ਪੀਸਨੁ ਪੀਸਿ ਓਢਿ ਕਾਮਰੀ ਸੁਖੁ ਮਨੁ ਸੰਤੋਖਾਏ ॥
ਐਸੋ ਰਾਜੁ ਨ ਕਿਤੈ ਕਾਜਿ ਜਿਤੁ ਨਹ ਤ੍ਰਿਪਤਾਏ ॥੨॥
ਨਗਨ ਫਿਰਤ ਰੰਗਿ ਏਕ ਕੈ ਓਹੁ ਸੋਭਾ ਪਾਏ ॥
ਪਾਟ ਪਟੰਬਰ ਬਿਰਥਿਆ ਜਿਹ ਰਚਿ ਲੋਭਾਏ ॥੩॥
ਸਭੁ ਕਿਛੁ ਤੁਮ੍ਰੈ ਹਾਥਿ ਪ੍ਰਭ ਆਪਿ ਕਰੇ ਕਰਾਏ ॥
ਸਾਸਿ ਸਾਸਿ ਸਿਮਰਤ ਰਹਾ ਨਾਨਕ ਦਾਨੁ ਪਾਏ ॥੪॥੧॥੪੧॥

ਸੂਹੀ ਮਹਲਾ ੫ ਘਰੁ ੪—ਪੰਨਾ ੭੪੭

ਇਸ ਗੁਰਵਾਕ ਦੇ ਭਾਵ ਅਨੁਸਾਰ ਗੁਰਮਤਿ ਬਿਬੇਕੀ ਜਨਾਂ ਨੂੰ ਇਹ ਵਿਵੇਚਨਾ ਪੂਰਤ ਸਿਖਸ਼ਾ ਮਿਲਦੀ ਹੈ ਕਿ ਉਹ ਸਾਧਾਰਨ ਸੂਧੀ ਸਾਦੀ ਕੁਟੀਆ ਤੇ ਕੱਖਾਂ ਕਾਨਿਆਂ ਦੀ ਬਣੀ ਝਉਂਪੜੀ ਹੀ ਭਲੀ ਅਤੇ ਸੁਹਾਵੀ ਹੈ ਕਿ "ਜਾ ਮਹਿ ਗੁਨ ਗਾਏ।" ਓਹ ਸਾਧ ਸੰਗਤ ਦੇ ਵਸੇਵੇ ਵਾਲੀ ਗਰੀਬੀ ਹੀ ਅਨੰਦ ਰੂਪ ਹੈ ਕਿ "ਜਿਤੁ ਪ੍ਰਭ ਚਿਤਿ ਆਏ।" ਓਹ ਪੀਸਣੇ ਪੀਸ ਕੇ ਤੇ ਕੰਬਲੀ ਓਢ ਕੇ ਗੁਜ਼ਰਾਨ ਵਾਲੀ ਜ਼ਿੰਦਗੀ ਹੀ ਸ਼ੋਭਨੀਕ



www.AKJ.Org

ਹੈ ਜਿਸ ਕਰਕੇ "ਸੁਖੁ ਮਨੁ ਸੰਤੋਖਾਏ।" ਅਤੇ ਜਿਨ੍ਹਾਂ ਦੇ ਬਸਤਰ ਇਤਨੇ ਜੀਰਨ ਅਤੇ ਮਸਤਾਨੇ ਹੋ ਰਹੇ ਹੋਣ ਕਿ ਨੰਗ ਢਕਣ ਦੀ ਭੀ ਓਹਨਾਂ ਕੋਲ ਪ੍ਰੋਖੋਂ ਨਾ ਹੋਵੇ, ਪਰੰਤੂ ਇਕ ਅਕਾਲ ਦੇ ਰੰਗਾਂ ਵਿਚ ਰੱਤੇ ਮਸਤੁਲ ਮਸਤ ਫਿਰਦੇ ਹੋਣ, ਤਾਂ ਭੀ ਸੋਭਾ ਪਾਉਂਦੇ ਤੇ ਸੁਹਾਵੇ ਸੋਹਣੇ ਲਗਦੇ ਹਨ।

ਪਰੰਤੂ ਇਸ ਤੋਂ ਉਲਟ ਓਹ ਧਉਲਰ ਮੰਦਰ ਕਿਸੇ ਕੰਮ ਨਹੀਂ ਕਿ "ਜਿਤੁ ਹਰਿ ਬਿਸਰਾਇ" ਅਤੇ ਉਹ ਵਡਪੁਣਾ ਭੱਠ ਰੂਪ ਹੈ ਜਿਸ ਦੇ ਕਾਰਨ ਕਿ "ਜਿਤੁ ਨਹ ਤ੍ਰਿਪਤਾਇ।" ਅਤੇ ਓਹ ਪਾਟ ਪਟੰਬਰ ਬਿਰਥੇ ਹਨ "ਜਿਹ ਰਚਿ ਲੋਭਾਇ।" ਜਿਨ੍ਹਾਂ ਅਡੰਬਰਾਂ ਵਿਚ ਰਚ ਪਚ ਕੇ ਪ੍ਰੀਤਮ ਪਰਵਰਦਗਾਰ ਸੁਆਮੀ ਸਿਰਜਨਹਾਰ ਦਾ ਨਾਮ ਵਿਸਰ ਜਾਂਦਾ ਹੋਵੇ ਅਤੇ ਜਿਨ੍ਹਾਂ ਵਡਫੂਲੀਆਂ ਕਰਮ-ਕਰਤੂਤਾਂ ਕਰਕੇ ਮਾਇਆ ਵਿਚ ਲੰਪਟ ਹੋ ਜਾਈਦਾ ਹੋਵੇ ਅਤੇ ਜਿਨ੍ਹਾਂ ਰਾਜ ਸਾਜ ਦੀਆਂ ਕਾਮਨਾਂ ਕਰਕੇ ਕਦੇ ਭੀ ਨਹੀਂ ਤ੍ਰਿਪਤਾਈਦਾ ਹੋਵੇ, ਸਗੋਂ ਓਹਨਾਂ ਵਿਚ ਰਚ ਕੇ ਹੋਰ ਵਧੇਰੇ ਤੋਂ ਵਧੇਰੇ ਲੁਭਾ ਜਾਈਦਾ ਹੋਵੇ, ਅਜਿਹੇ ਕੁਢੰਗਾਂ ਵਿਚ ਪੈਣਾ ਬਿਬਰਜਤ ਹੈ ਅਤੇ ਅਜਿਹਾ ਜੀਵਨ ਜੀਉਣਾ ਹੀ ਬੇਅਰਥ ਹੈ।

## ਰਾਜ ਮਾਲ ਦਾ ਕੂੜਾ ਹੰਕਾਰ ਤੇ ਰਸਾਂ ਕਸਾਂ ਵਿਚ ਭਟਕਣ—

ਅਜਿਹੀ ਜੀਊਣੀ ਜੀਊਣਾ ਜਿਸ ਕਰਕੇ ਕਿ ਪ੍ਰੀਤਮ ਪਿਆਰਾ ਵਿਸਰ ਜਾਂਦਾ ਹੋਵੇ, ਅਤੇ ਉਸ ਦਾ ਨਾਮੁ ਮਨ ਵਿਚ ਨ ਵਸੇ, ਪੱਤ ਲੱਥੀ ਵਾਲਾ ਧ੍ਰਿਗ ਜੀਊਣਾ ਹੈ, ਜੈਸਾ ਕਿ ਗੁਰਵਾਕ—

ਸੋ ਜੀਵਿਆ ਜਿਸੁ ਮਨਿ ਵਸਿਆ ਸੋਇ ॥ ਨਾਨਕ ਅਵਰੁ ਨ ਜੀਵੈ ਕੋਇ ॥
ਜੇ ਜੀਵੈ ਪਤਿ ਲਥੀ ਜਾਇ ॥ ਸਭੁ ਹਰਾਮੁ ਜੇਤਾ ਕਿਛੁ ਖਾਇ ॥
ਰਾਜਿ ਰੰਗੁ ਮਾਲਿ ਰੰਗੁ ਰੰਗਿ ਰਤਾ ਨਚੈ ਨੰਗੁ ॥
ਨਾਨਕ ਠਗਿਆ ਮੁਠਾ ਜਾਇ ॥ ਵਿਣੁ ਨਾਵੈ ਪਤਿ ਗਇਆ ਗਵਾਇ ॥੧॥(੧੦)
ਸਲੋਕ ਮ: ੧, ਵਾਰ ਮਾਝ, ਪੰਨਾ ੧੪੨

ਇਸ ਗੁਰਵਾਕ ਦੀਆਂ ਪਿਛਲੀਆਂ ਤੁਕਾਂ ਦੇ ਭਾਵ ਤੋਂ ਨਿਸਚੇ ਹੁੰਦਾ ਹੈ ਕਿ ਰਾਜ ਮਾਲ ਦੇ ਮਦ ਰੂਪੀ ਕੂੜਾਵੀ ਅਤੇ ਕੁਸੰਗੀ ਰੰਗ ਵਿਚ ਰਚ ਕੇ ਜੋ ਮੂੜ੍ਹ ਨਰ ਨਚਦੇ ਫਿਰਦੇ ਹਨ ਓਹ ਕੰਗਾਲ ਹਨ। ਓਹਨਾਂ ਦੇ ਹੱਥ ਪਲੇ ਕੁਛ ਨਹੀਂ, ਉਹ ਠਗੇ ਮੁਠੇ ਹੀ ਚਲੇ ਜਾਂਦੇ ਹਨ ਅਤੇ ਲੱਖ ਚੌਰਾਸੀ ਜੀਅ ਜੋਨ ਅੰਦਰ ਨਚਦੇ ਫਿਰਦੇ ਰਹਿੰਦੇ ਹਨ। ਅਤੇ ਨਾਮ ਤੋਂ ਵਿਹੂਣ ਆਪਣੀ ਪਤਿ ਗਵਾ ਜਾਂਦੇ ਹਨ। ਅਜਿਹੇ ਨਾਮ ਤੋਂ ਘੁਥੇ ਅਤੇ ਪਤਿ ਲਥੀ ਵਾਲਿਆਂ ਦਾ ਜੀਵਨ ਧ੍ਰਿਗ ਜੀਵਨ ਹੈ ਅਤੇ 'ਸਭੁ ਹਰਾਮੁ ਜੇਤਾ ਕਿਛੁ ਖਾਇ' ਰੂਪੀ ਗੁਰ-ਬਚਨ ਅਨੁਸਾਰ ਅਜਿਹਾ ਧ੍ਰਿਗ-ਜੀਵਨੀ ਪੁਰਸ਼ ਜੋ ਕਿਛੁ ਭੀ ਖਾਂਦਾ ਭੋਗਦਾ ਹੈ, ਜਿਤਨੇ ਵਡਮੁਲੇ ਤੇ ਨਿਆਮਤਾਂ ਵਾਲੇ ਪਦਾਰਥ ਭੋਗਦਾ ਭੁੰਚਦਾ ਹੈ, ਸਭ ਹਰਾਮ ਭੋਗ ਹੋ ਜਾਂਦਾ ਹੈ। ਜਿਸ ਖਾਣੇ ਰਸ ਭੋਜਨ ਉਤੇ ਨਾਮ ਦੀ ਕਲਾ ਨਹੀਂ ਵਰਤੀ, ਜੋ ਖਾਣਾ ਇਸ ਕਲਾ ਵਿਹੂਣੀ ਬਿਬੇਕ ਜੁਗਤੀ ਤੋਂ ਬਾਹਰਾ ਹੈ, ਸਭ ਹਰਾਮ ਖਾਣਾ ਹੈ। ਜੋ ਪੁਰਸ਼ 'ਹਰਿ ਚੇਤਿ ਖਾਹਿ ਤਿਨਾ ਸਫਲੁ ਹੈ'* ਗੁਰਵਾਕ ਦੇ ਭਾਵ ਅਨੁਸਾਰ ਨਾਮ ਜਪਦੇ ਹਨ, ਤਿਨ੍ਹਾਂ ਦਾ ਖਾਣਾ ਸਫਲ ਹੈ। ਅਤੇ ਜੋ ਨਾਮ ਨਹੀਂ ਜਪਦੇ ਅਤੇ ਜਿਨ੍ਹਾਂ ਦੇ ਮੁਖ ਨਾਮ ਤੋਂ ਵਿਹੂਣ ਸੁੰਞੇ ਹਨ,ਤਿਨ੍ਹਾਂ ਦਾ ਰਸ ਕਸ ਭੁੰਚਣਾ ਅਤੇ ਨਾਨਾ ਪ੍ਰਕਾਰ ਦੇ ਖਾਣੇ ਖਾਣਾ : ਜਿਤੁ ਮੁਖਿ ਨਾਮੁ ਨ ਉਚਰਹਿ ਬਿਨੁ ਨਾਵੈ ਰਸ ਖਾਹਿ ॥ ਨਾਨਕ ਏਵੈ ਜਾਣੀਐ ਤਿਤੁ ਮੁਖਿ ਥੁਕਾ ਪਾਹਿ ॥ [ਆਸਾ ਮ: ੧–੪੭੩

["ਗੁਰਮਤਿ ਬਿਬੇਕ" ਪੁਸਤਕ ਵਿਚੋਂ

*ਸਿਰੀਰਾਗ ਕੀ ਵਾਰ ਮ: ੪, ਪਉੜੀ ੮, ਪੰਨਾ ੮੫



www.AKJ.Org

# ਪੂਰਬ ਜਨਮ ਕੇ ਮਿਲੇ ਸੰਜੋਗੀ

[ਪ੍ਰੋਫੈਸਰ ਠਾਕਰ ਸਿੰਘ ਜੀ, ਸ੍ਰੀ ਅੰਮ੍ਰਿਤਸਰ]

## ਸ੍ਰੀ ਬਾਊ ਜੀ ਦੇ ਖ਼ਿਲਾਫ਼ ਸ਼ਿਕਾਇਤ–

੧੯੨੦ ਵਿਚ ਜਦੋਂ ਸ੍ਰੀ ਬਾਊ ਜੀ ਫ਼ੌਜੀ ਨੌਕਰੀ ਤੋਂ ਰੀਟਾਇਰ ਹੋ ਕੇ ਘਰ ਪੈਨਸ਼ਨ ਤੇ ਗਏ ਤਾਂ ਆਉਂਦਿਆਂ ਹੀ ਅਖੰਡਪਾਠਾਂ, ਕੀਰਤਨ-ਅਖਾੜਿਆਂ ਤੇ ਅੰਮ੍ਰਿਤ-ਸਿੰਚਾਰ ਦੇ ਮੰਡਲ ਅਰੰਭ ਹੋ ਗਏ। ਇਸ ਤਰ੍ਹਾਂ ਗੁਰਮਤਿ ਪਰਚਾਰ ਜ਼ੋਰ-ਸ਼ੋਰ ਨਾਲ ਅਰੰਭ ਹੋ ਗਿਆ। ਜਿਸ ਕਰਕੇ ਮਾਝੇ ਦੇ ਸਾਰੇ ਇਲਾਕੇ ਵਿਚ ਆਪ ਦਾ ਸਤਿਕਾਰ ਬਹੁਤ ਵਧ ਗਿਆ। ਇਲਾਕੇ ਦੇ ਪਤਵਤੇ ਸਰਦਾਰ ਪਰਵਾਰਾਂ ਦੇ ਪਰਵਾਰ ਅੰਮ੍ਰਿਤ ਛਕ ਕੇ ਤਿਆਰ ਬਰ ਤਿਆਰ ਹੋ ਚੁਕੇ ਸਨ। ਇਸ ਗੁਰਮਤਿ-ਪਰਚਾਰ-ਲਹਿਰ ਦੇ ਚਲਣ ਨਾਲ ਗੁਰਦੁਆਰਾ ਸੁਧਾਰ ਲਹਿਰ ਦੇ ਆਗੂ ਤੇ ਵਡੇ ਵਡੇ ਅਕਾਲੀ ਨੇਤਾ ਆਪ ਜੀ ਨੂੰ ਆਪਣਾ ਜਥੇਦਾਰ ਹੀ ਸਮਝਣ ਲਗ ਪਏ। ਉਘੇ ਅਕਾਲੀ ਨੇਤਾ ਜਥੇਦਾਰ ਊਧਮ ਸਿੰਘ ਨਾਗੋਕੇ ਆਪ ਜੀ ਦਾ ਪਿਤਾ ਸਮਾਨ ਸਤਿਕਾਰ ਕਰਦੇ ਸਨ। ਪੰਥ ਦੇ ਸਾਰੇ ਉਘੇ ਜਥੇਦਾਰ, ਈਸ਼ਰ ਸਿੰਘ ਮਝੈਲ, ਮੋਹਨ ਸਿੰਘ ਨਾਗੋਕੇ, ਤੇਜਾ ਸਿੰਘ ਅਕਰਪੁਰੀ, ਹਜ਼ਾਰਾ ਸਿੰਘ ਮੈਨੇਜਰ ਸ੍ਰੀ ਦਰਬਾਰ ਸਾਹਿਬ ਆਦਿ ਗੁਰਦੁਆਰਾ ਸੁਧਾਰ ਲਹਿਰ ਵਿਚ ਹਮੇਸ਼ਾ ਬਾਊ ਜੀ ਦੀ ਸਲਾਹ ਲੈਂਦੇ ਸਨ। ਫਿਰ ਗੁਰੂ ਕੇ ਬਾਗ ਦਾ ਮੋਰਚਾ ਲਗ ਗਿਆ, ਜਿਸ ਕਰਕੇ ਸ੍ਰੀ ਬਾਊ ਜੀ ਉਕਾੜੇ ਰਹਿੰਦੇ ਹੋਏ ਵੀ ਆਪਣਾ ਸਾਰਾ ਵਕਤ ਸ੍ਰੀ ਅੰਮ੍ਰਿਤਸਰ ਦੀਆਂ ਘਟਨਾਵਾਂ ਵਲ ਖ਼ਰਚ ਕਰਨ ਲਗ ਪਏ। ਇਸ ਸਮੇਂ ਕਿਸੇ ਨਿੰਦਕ ਈਰਖਾਲੂ ਨੇ ਡਿਪਟੀ ਕਮਿਸ਼ਨਰ ਮਿੰਟਗੁਮਰੀ ਪਾਸ ਲਿਖਤੀ ਸ਼ਿਕਾਇਤ ਕਰ ਦਿਤੀ ਕਿ ਬਾਊ ਮੱਲ ਸਿੰਘ ਅਕਾਲੀਆਂ ਦੇ ਨਾਲ ਮਿਲ ਕੇ ਸਰਕਾਰ ਦੇ ਖ਼ਿਲਾਫ਼ ਕੰਮ ਕਰ ਰਿਹਾ ਹੈ ਅਤੇ ਇਹ ਭਾਈ ਰਣਧੀਰ ਸਿੰਘ ਬਾਗੀ, ਜੋ ਉਮਰ ਕੈਦ ਹੈ, ਦਾ ਵੱਡਾ ਮਿੱਤਰ ਹੈ। ਇਸ ਲਈ ਬਗ਼ਾਵਤ ਦੇ ਦੋਸ਼ ਵਿਚ ਇਨ੍ਹਾਂ ਦਾ ਮੁਰੱਬਾ, ਜੋ ਨੇਕ-ਚਲਣੀ ਤੇ ਸਰਕਾਰ ਦੇ ਵਫ਼ਾਦਾਰ ਰਹਿਣ ਲਈ ਮਿਲਿਆ ਹੋਇਆ ਹੈ, ਜ਼ਬਤ ਕੀਤਾ ਜਾਵੇ।

ਡਿਪਟੀ ਕਮਿਸ਼ਨਰ ਨੇ ਇਹ ਦਰਖ਼ਾਸਤ ਤਸੀਲਦਾਰ ਉਕਾੜੇ ਪਾਸ ਤਫ਼ਤੀਸ਼ ਲਈ ਭੇਜ ਦਿਤੀ। ਤਸੀਲਦਾਰ ਚੱਕ ਨੰਬਰ ੫੨ ਵਿਖੇ ਆਪਣੇ ਦੌਰੇ ਤੇ ਆਇਆ ਤਾਂ ਨੰਬਰਦਾਰਾਂ ਸਮੇਤ ਸਾਰਾ ਪਿੰਡ ਇਕੱਠਾ ਕੀਤਾ। ਸ੍ਰੀ ਬਾਊ ਜੀ ਨੂੰ ਵੀ ਬੁਲਾ ਭੇਜਿਆ। ਦਰਖ਼ਾਸਤ ਸਾਹਮਣੇ ਰਖ ਕੇ ਪੜ੍ਹੀ ਅਤੇ ਨੰਬਰਦਾਰਾਂ ਨੂੰ ਇਸ ਸੰਬੰਧੀ ਪੁਛਿਆ। ਸ੍ਰੀ ਬਾਊ ਜੀ ਜਾਂ ਕਿਸੇ ਹੋਰ ਦੇ ਕਹੇ ਕਹਾਏ ਤੋਂ ਬਿਨਾਂ ਹੀ ਕੈਪਟਨ ਹੀਰਾ ਸਿੰਘ ਜੀ ਨੰਬਰਦਾਰ ਬੋਲੇ, "ਤਸੀਲਦਾਰ ਸਾਹਿਬ, ਤੁਸੀਂ ਇਲਾਕੇ ਦੇ ਮਾਲਕ ਹੋ ਤੇ ਸਾਨੂੰ ਬਾਊ ਮੱਲ ਸਿੰਘ ਜੀ ਬਾਰੇ ਪੁਛਦੇ ਹੋ ? ਪਹਿਲੀ ਗੱਲ ਤਾਂ ਇਹ ਹੈ ਕਿ ਇਹ ਮੁਰੱਬੇ ਜੋ ਸਾਨੂੰ ਮਿਲੇ ਹਨ, ਇਹ ਸਾਨੂੰ ਸਿਰ ਵੇਚ ਕੇ ਬਹਾਦਰੀ ਦੇ ਇਵਜ਼, ਦੇਸ-ਸੇਵਾ ਵਜੋਂ ਮਿਲੇ ਹਨ। ਬਾਊ ਮੱਲ ਸਿੰਘ ਜੀ ਤਿੰਨ ਸਾਲ ਫ਼ਰਾਂਸ ਵਿਚ ਨੌਕਰੀ ਕਰ ਕੇ, ਇਕ ਨਾਮੁਰਾਦ ਬੀਮਾਰੀ ਲੈ ਕੇ ਵਾਪਸ ਦੇਸ ਆਏ ਸਨ। ਜੇ ਅੱਜ ਇਹ ਜ਼ਿੰਦਾ ਹਨ ਤਾਂ ਇਹ ਇਨ੍ਹਾਂ ਦੇ ਚੰਗੇ ਨਸੀਬ ਹਨ। ਫ਼ੌਜ ਵਾਲੇ ਡਾਕਟਰ ਤਾਂ ਸਮਝਦੇ ਸਨ ਕਿ ਇਹ ਟੀ. ਬੀ. ਦੇ ਨਾਮੁਰਾਦ ਰੋਗ ਤੋਂ ਰਾਜ਼ੀ ਹੋ ਹੀ ਨਹੀਂ ਸਕਦੇ। ਸੋ ਇਨ੍ਹਾਂ ਨੂੰ ਇਸ ਮੁਰੱਬੇ ਵਾਸਤੇ ਬੜੀ ਕੀਮਤ ਤਾਰਨੀ ਪਈ ਹੈ। ਤੇ ਤੁਸੀਂ ਇਸ ਦੀ ਜ਼ਬਤੀ ਵਾਸਤੇ ਪੁਛਦੇ ਹੋ। ਇਹ ਨਹੀਂ ਹੋ ਸਕਦਾ। ਇਹ ਧਾਰਮਕ ਗੁਰਦੁਆਰਾ ਸੁਧਾਰ ਲਹਿਰ ਵਿਚ ਹਿੱਸਾ ਲੈ ਰਹੇ ਹਨ। ਅਸੀਂ ਵੀ ਇਨ੍ਹਾਂ ਦੇ ਸਮਰਥਕ ਹਾਂ। ਅਸੀਂ ਕੋਈ ਧਰਮ ਤਾਂ ਨਹੀਂ ਵੇਚਿਆ ਹੋਇਆ ! ਸਾਡਾ ਧਰਮ ਸਾਨੂੰ ਪਿਆਰਾ ਹੈ। ਜੋ ਸ੍ਰੀ ਬਾਊ ਜੀ ਕਰ ਰਹੇ ਹਨ, ਇਹ ਸਭ ਠੀਕ ਹੈ।" ਨਾਲ ਹੀ ਰਸਾਲਦਾਰ ਮੇਜਰ ਸੁੰਦਰ ਸਿੰਘ ਦੂਜੇ ਨੰਬਰਦਾਰ ਨੇ ਕਹਿ ਦਿਤਾ ਕਿ ਜੇ ਇਹ ਅਕਾਲੀ ਹਨ ਤਾਂ ਅਸੀਂ ਭੀ ਇਨ੍ਹਾਂ ਦੇ ਪਿਛੇ ਅਕਾਲੀ ਹਾਂ। ਤਸੀਲਦਾਰ ਸਮਝ ਗਿਆ ਕਿ ਇਹ ਸ਼ਿਕਾਇਤ ਕਰਨ ਵਾਲਾ ਕੋਈ ਬੁਰਾ



www.AKJ.Org

ਆਦਮੀ ਹੈ। ਤਸੀਲਦਾਰ ਸ੍ਰੀ ਬਾਊ ਜੀ ਨੂੰ ਬੜੇ ਸਤਿਕਾਰ ਨਾਲ ਪੇਸ਼ ਆਇਆ। ਦਰਖ਼ਾਸਤ ਖ਼ਾਰਜ ਕਰ ਦਿਤੀ ਅਤੇ ਸ੍ਰੀ ਬਾਊ ਜੀ ਦੀ ਜੈ ਜੈਕਾਰ ਹੋ ਗਈ।

## ਉਕਾੜੇ ਦੇ ਇਲਾਕੇ ਵਿਚ ਗੁਰਮਤਿ ਪਰਚਾਰ–

ਪਿੰਡ ਤੂਸਿਕੇ ਦੇ ਬਾਬਾ ਨਰੈਣ ਸਿੰਘ ਤੇ ਮੂਲਾ ਸਿੰਘ ਜੀ ਨਾਲ ਬਾਊ ਮੱਲ ਸਿੰਘ ਜੀ ਦੀ ਜਿਥੇ ਗੁਰਸਿਖੀ ਦੀ ਸਾਂਝ ਬਣ ਚੁਕੀ ਸੀ ਉਥੇ ਆਪਸ ਵਿਚ ਰਿਸ਼ਤੇ ਨਾਤੇ ਵੀ ਹੋ ਗਏ ਸਨ। ਹੁਣ ਬਾਬਾ ਮੂਲਾ ਸਿੰਘ ਦੀ ਸਪੁੱਤਰੀ ਬੀਬੀ ਉਤਮ ਕੌਰ ਨੇ ਆਪਣੀ ਬੱਚੀ ਤਾਰਾ ਕੌਰ ਦਾ ਅਨੰਦ ਕਾਰਜ ਵੀਰ ਹਰੀ ਸਿੰਘ ਸ਼ੇਰਗਿੱਲ ਨਾਲ ਕਰ ਦਿੱਤਾ। ਬੀਬੀ ਉਤਮ ਕੌਰ ਦੇ ਪਤੀ ਰਸਾਲਦਾਰ ਕਿਰਪਾਲ ਸਿੰਘ ਜੀ ਨੂੰ ਫੌਜੀ ਨੌਕਰੀ ਬਦਲੇ ਦੋ ਮੁਰੱਬੇ ਜ਼ਮੀਨ ਚੱਕ ਨੰਬਰ ੪੮ ਉਕਾੜੇ ਲਾਗੇ ਮਿਲ ਗਈ ਸੀ। ਇਸ ਨਵੇਂ ਸੰਬੰਧ ਸਦਕਾ ਸ੍ਰੀ ਬਾਊ ਜੀ ਨਾਲ ਹੋਰ ਨੇੜਤਾ ਹੋ ਗਈ। ਉਨ੍ਹਾਂ ਨੇ ਬੇਨਤੀ ਕੀਤੀ ਕਿ ੪੮ ਚੱਕ ਵਿਖੇ ਸ੍ਰੀ ਅਖੰਡਪਾਠ ਸਮਾਗਮ ਰਚੋ ਅਤੇ ਨਾਲ ਹੀ ਸਾਰੇ ਪਰਵਾਰ ਤੇ ਇਲਾਕੇ ਦੇ ਹੋਰ ਅਭਿਲਾਖੀ ਸੱਜਣਾਂ ਨੂੰ ਅੰਮ੍ਰਿਤ ਛਕਾਣ ਦੀ ਬਖਸ਼ਸ਼ ਕਰੋ। ਸੋ ਉਥੇ ਸਮਾਗਮ ਦਾ ਪਰਬੰਧ ਕੀਤਾ ਗਿਆ ਅਤੇ ਕਈ ਪ੍ਰਾਣੀਆਂ ਨੇ ਅੰਮ੍ਰਿਤ ਪਾਨ ਕੀਤਾ। ਬੀਬੀ ਉਤਮ ਕੌਰ ਦਾ ਜਥੇ ਨਾਲ ਬਹੁਤ ਹਿਤ ਵਧ ਜਾਣ ਕਰਕੇ ਅਗਲੇ ਸਾਲ ਫਿਰ ਉਥੇ ਅਖੰਡਪਾਠ ਤੇ ਅੰਮ੍ਰਿਤ-ਸਿੰਚਾਰ ਕੀਤਾ ਗਿਆ।

ਉਕਾੜੇ ਸ਼ਹਿਰ ਰਸਾਲਦਾਰ ਇੰਦਰ ਸਿੰਘ ਦੇ ਗ੍ਰਿਹਿ ਵਿਖੇ, ਰਨਾਲੇ ਖ਼ੁਰਦ ਰਸਾਲਦਾਰ ਜਗਤ ਸਿੰਘ ਖਡੂਰ ਸਾਹਿਬ ਵਾਲਿਆਂ ਦੇ ਗ੍ਰਿਹਿ ਵਿਖੇ, ਵੀਰ ਸਜਣ ਸਿੰਘ ਜੀ ਭਾਈ ਸਾਹਿਬ ਜੀ ਦੇ ਭਤੀਜੇ ਦੇ ਗ੍ਰਿਹਿ ਮਿੰਟਗੁਮਰੀ ਵਿਖੇ, ਯੂਸਫ਼ ਵਾਲਾ ਅਤੇ ਹੋਰ ਕਈ ਥਾਵਾਂ ਤੇ ਆਪਣੇ ਮੇਲੀ ਗੁਰਮੁਖ ਪਿਆਰਿਆਂ ਦੇ ਸੰਗ ਸਾਥ ਅਖੰਡਪਾਠ ਤੇ ਕੀਰਤਨ-ਅਖਾੜੇ ਸਜਦੇ ਰਹੇ। ਇਸ ਤਰ੍ਹਾਂ ਗੰਜੀ ਬਾਰ ਦੇ ਇਲਾਕੇ ਵਿਚ ਖ਼ੂਬ ਗੁਰਮਤਿ ਪਰਚਾਰ ਦੀ ਲਹਿਰ ਫੈਲੀ।

## ਪੋਠੋਹਾਰ ਵਿਚ ਗੁਰਮਤਿ ਪਰਚਾਰ–

ਡਾਕਟਰ ਗੁਰਬਖਸ਼ ਸਿੰਘ ਜੀ, ਜਿਨ੍ਹਾਂ ਨੇ ਪਰਵਾਰ ਸਹਿਤ ਭਾਈ ਸਾਹਿਬ ਰਣਧੀਰ ਸਿੰਘ ਜੀ ਤੇ ਸ੍ਰੀ ਬਾਊ ਮੱਲ ਸਿੰਘ ਜੀ ਦੇ ਜਥੇ ਪਾਸੋਂ ਨਾਗੋਕੇ ਸਰਲੀ (ਲਾਇਲਪੁਰ) ਵਿਖੇ ੧੯੧੪ ਵਿਚ ਅੰਮ੍ਰਿਤ ਪਾਨ ਕੀਤਾ ਸੀ, ਪਹਿਲਾਂ ਇਹ ਸਰਕਾਰੀ ਹਸਪਤਾਲ ਸਰਹਾਲਾ ਅਤੇ ਫਿਰ ਠੀਕਰੀਵਾਲਾ ਹਸਪਤਾਲ ਵਿਚ ਵੀ ਡਿਊਟੀ ਕਰਦੇ ਰਹੇ ਸਨ। ਉਥੇ ਭਾਈ ਵਰਿਆਮ ਸਿੰਘ ਜੀ ਤੇ ਬਾਊ ਮੱਲ ਸਿੰਘ ਜੀ ਦੀ ਸੰਗਤ ਸਦਕਾ ਇਸ ਨਵ-ਜੋਬਨੀ ਪਰਵਾਰ ਨੂੰ ਨਾਮ ਅਭਿਆਸ ਦੀ, ਕੀਰਤਨ-ਰੰਗਾਂ ਦੀ ਤੇ ਖਾਲਸਈ ਰਹਿਤ-ਰਹਿਣੀ ਵਿਚ ਦ੍ਰਿੜ੍ਹਤਾ ਦੀ ਪਾਰਸੀ ਛਹੁ ਪ੍ਰਾਪਤ ਹੋ ਚੁਕੀ ਸੀ। ਇਸ ਤਰ੍ਹਾਂ ਕਾਫ਼ੀ ਸਮਾਂ ਬੀਤ ਗਿਆ ਤੇ ਫਿਰ ਆਪ ਦੀ ਬਦਲੀ ਰਾਵਲਪਿੰਡੀ ਸ਼ਹਿਰ ਵਿਖੇ ਹੋ ਗਈ। ਉਥੇ ਪੁਜ ਕੇ ਆਪ ਜੀ ਨੇ ਆਪਣੇ ਮਨ-ਮੇਲੀਆਂ ਤੇ ਗੁਰੂ ਪਿਆਰੀਆਂ ਸੰਗਤਾਂ ਨਾਲ ਸਾਂਝ ਬਣਾਈ ਅਤੇ ਉਨ੍ਹਾਂ ਨੂੰ ਸ੍ਰੀ ਮਾਨ ਬਾਊ ਜੀ ਤੇ ਭਾਈ ਸਾਹਿਬ ਰਣਧੀਰ ਸਿੰਘ ਜੀ ਦੀਆਂ ਖ਼ਾਲਸਈ ਕਰਣੀਆਂ, ਘਾਲ ਕਮਾਈਆਂ ਤੇ ਜੇਲ੍ਹ ਯਾਤਰਾ ਦੇ ਰੌਚਕ ਬਿਰਤਾਂਤ ਸੁਣਾ ਸੁਣਾ ਕੇ ਇਨ੍ਹਾਂ ਲਈ ਬਹੁਤ ਸ਼ਰਧਾ-ਭਾਵਨੀ ਪੈਦਾ ਕਰ ਦਿਤੀ।

ਯਾਦ ਰਹੇ ਕਿ ਰਾਵਲਪਿੰਡੀ ਪਛਮੀ ਪੰਜਾਬ ਵਿਚ ਸਿਖ ਵਿਦਵਾਨਾਂ ਤੇ ਧਨਾਢ ਸਿਖ ਦਾਨੀਆਂ ਦਾ ਇਕ ਮਹਾਨ ਗੜ੍ਹ ਸੀ। ਸਰਦਾਰ ਬਹਾਦਰ ਬੂਟਾ ਸਿੰਘ (ਬੀਬੀ ਇੰਦਰ ਕੌਰ ਜੀ ਦੇ ਨਾਨਾ ਜੀ), ਮਾਸਟਰ ਤਾਰਾ ਸਿੰਘ, ਉਨ੍ਹਾਂ ਦੇ ਛੋਟੇ ਭਾਈ ਪ੍ਰਿੰਸੀਪਲ ਨਿਰੰਜਨ ਸਿੰਘ, ਪ੍ਰਿੰਸੀਪਲ ਭਾਈ ਜੋਧ ਸਿੰਘ, ਪ੍ਰਿੰਸੀਪਲ ਤੇਜਾ ਸਿੰਘ, ਗਿਆਨੀ ਗੁਰਮੁਖ ਸਿੰਘ ਮੁਸਾਫ਼ਿਰ, ਗਿ: ਹੀਰਾ ਸਿੰਘ ਦਰਦ, ਨਾਮੀ ਕਵੀ ਸ: ਵਿਧਾਤਾ ਸਿੰਘ ਤੀਰ,



www.AKJ.Org

ਭਗਤ ਜਸਵੰਤ ਸਿੰਘ,ਜੋ ਡਾਕਟਰ ਗੁਰਬਖ਼ਸ਼ ਸਿੰਘ ਦੇ ਦਾਮਾਦ ਸਨ, ਇਤਿਆਦਿਕ ਪਿੰਡੀ ਦੇ ਇਲਾਕੇ ਦੀ ਹੀ ਉਪਜ ਹਨ। ਦਿਮਾਗੀ ਤੌਰ ਤੇ ਇਸ ਤਰ੍ਹਾਂ ਦੇ ਜ਼ਰਖ਼ੇਜ਼ ਸਿਖ ਸਮਾਜ ਵਿਚ ਅਤੇ ਸੂਰਮਤਾਈ ਵਿਚ ਜ਼ਰਖ਼ੇਜ਼ ਪੰਜਾਬ ਦੇ ਪੇਂਡੂ ਭਾਈਚਾਰੇ ਅੰਦਰ ਸ੍ਰੀ ਮਾਨ ਭਾਈ ਸਾਹਿਬ ਰਣਧੀਰ ਸਿੰਘ ਜੀ ਦੀ ਅਮੋਲਕ ਦੇਣ ਕ੍ਰਾਂਤੀਕਾਰੀ ਤਥਾ ਖਾਲਸਈ ਜੀਵਨ-ਚਰਿਤਰ ਦੇ ਪੁਨਰ-ਨਿਰਮਾਣ ਦਾ ਬੀਜ ਬੀਜਣਾ ਇਕ ਮਹਾਨ ਉਚਤਮ ਮਹੱਤਵ ਤੇ ਗੌਰਵਤਾ ਵਾਲੀ ਗੱਲ ਹੈ।

ਡਾ: ਗੁਰਬਖਸ਼ ਸਿੰਘ ਜੀ ਦੀ ਤਿਆਰ ਕੀਤੀ ਹੋਈ ਸਤਸੰਗ-ਪਨੀਰੀ ਦੇ ਫਲ-ਸਰੂਪ ਕਈਆਂ ਸਤਸੰਗੀਆਂ ਨੂੰ ਆਤਮਕ ਰੰਗਾਂ ਨੂੰ ਮਾਨਣ ਦੀ ਤੜਪ ਪੈਦਾ ਹੋ ਗਈ। ਪਹਿਲੀ ਵਾਰੀ ਜੁਲਾਈ-ਅਗਸਤ ੧੯੨੮ ਦੀਆਂ ਕਾਲਜ ਦੀਆਂ ਛੁੱਟੀਆਂ ਵਿਚ ਰਾਵਲਪਿੰਡੀ ਦੀ ਸੰਗਤ ਵਲੋਂ ਡਾਕਟਰ ਸਾਹਿਬ ਦੀ ਰਾਹੀਂ ਸ੍ਰੀ ਬਾਊ ਮੱਲ ਸਿੰਘ ਜੀ ਨੂੰ ਜਥੇ ਸਮੇਤ ਉਥੇ ਪੁਜਣ ਦਾ ਸੱਦਾ-ਪੱਤਰ ਪੁਜਾ। ਅਤੇ ਇਸ ਸੱਦਾ ਪੱਤਰ ਪਿਛੋਂ ਹਰ ਸਾਲ ਹੀ ਇਨ੍ਹਾਂ ਗਰਮੀ ਦੇ ਦਿਨਾਂ ਵਿਚ ਆਪ ਜੀ ਪੁਜਦੇ ਰਹੇ।

ਸ੍ਰੀ ਬਾਊ ਮੱਲ ਸਿੰਘ ਜੀ ਨੇ ਪੋਠੋਹਾਰ ਦੇ ਇਲਾਇਆਂ ਵਿਚ ਰਾਵਲਪਿੰਡੀ, ਕੈਂਬਲਪੁਰ, ਸ੍ਰੀ ਪੰਜਾ ਸਾਹਿਬ, ਜੇਹਲਮ, ਰੁਹਤਾਸ ਅਤੇ ਫ਼ਰੰਟੀਅਰ ਵਿਚ ਪਿਸ਼ਾਵਰ, ਮਰਦਾਨ (ਮਿਹਾਰ) ਆਦਿਕ ਥਾਵਾਂ ਵਿਚ ਜਥੇ ਸਮੇਤ ਪੁਜ ਕੇ ਨਾਮ ਬਾਣੀ, ਕੀਰਤਨ ਤੇ ਅੰਮ੍ਰਿਤ-ਸਿੰਚਾਰ ਦੁਆਰਾ ਰੱਬੀ ਦਾਤਾਂ ਦਾ ਛੱਟਾ ਦਿੰਦੇ ਹੋਏ ਵਿਚਰਦੇ ਰਹੇ। ਇਨ੍ਹਾਂ ਇਲਾਕਿਆਂ ਵਿਚ ਸ੍ਰੀ ਬਾਊ ਜੀ ਵਲੋਂ ਸਿੱਖੀ ਪਰਚਾਰ ਦੀ ਚਲਾਈ ਹੋਈ ਰੋ ਵਿਚ ਐਸੇ ਰੰਗ ਬਝੇ ਕਿ ਪਿਛੋਂ ੧੯੩੦ ਵਿਚ ਭਾਈ ਸਾਹਿਬ ਜੀ ਵੀ ਜੇਲ੍ਹ-ਯਾਤਰਾ ਤੋਂ ਰਿਹਾ ਹੋ ਕੇ ਆਪਣਾ ਬਹੁਤਾ ਸਮਾਂ ਇਧਰ ਹੀ ਨਾਮ-ਬਾਣੀ ਵਿਚ ਬਿਤਾਂਦੇ ਰਹੇ।

## ਰਾਵਲਵਿੰਡੀ ਵਿਚ ਪਹਿਲੀ ਫੇਰੀ
## ਅਤੇ ਬੀਬੀ ਕੁੰਦਨ ਕੌਰ ਦੀ ਅਰੋਗਤਾ ਦਾ ਕੌਤਕ–

੧੯੨੮ ਵਿਚ ਪਹਿਲੀ ਵਾਰ ਸ੍ਰੀ ਬਾਊ ਜੀ ਨੂੰ ਆਪਣੇ ਪਿੰਡ 52/2 ਐਲ(ਉਕਾੜਾ) ਵਿਖੇ ਜਥੇ ਸਮੇਤ ਰਾਵਲਪਿੰਡੀ ਪੁਜਣ ਲਈ ਪ੍ਰੇਰਨਾ ਕੀਤੀ ਗਈ। ਜਦੋਂ ਬਾਊ ਜੀ ਤੇ ਜਥਾ ਪਿੰਡੀ ਪੁਜਾ ਤਾਂ ਅਗੇ ਜਾਂਦਿਆਂ ਨੂੰ ਡਾਕਟਰ ਗੁਰਬਖਸ਼ ਸਿੰਘ ਜੀ ਦੀ ਜੁਆਨ ਬੱਚੀ ਕੁੰਦਨ ਕੌਰ ਟੀ. ਬੀ. ਨਾਲ ਸਖਤ ਬੀਮਾਰ ਪਈ ਸੀ। ਡਾਕਟਰੀ ਰਾਏ ਅਨੁਸਾਰ ਬੀਬੀ ਨੂੰ ਪਿੰਡੀ ਲਾਗੇ ਕੋਹਮਰੀ ਪਹਾੜ ਤੇ ਸਾਂਵਲੀ ਚਸ਼ਮੇ ਲਾਗੇ ਰਖਿਆ ਹੋਇਆ ਸੀ, ਕਿਉਂਕਿ ਇਸ ਚਸ਼ਮੇ ਦੇ ਪਾਣੀ ਅਤੇ ਇਸ ਅਸਥਾਨ ਦੇ ਵਾਯੂ-ਮੰਡਲ ਨੂੰ ਲਾਹੌਰ ਦੇ ਵਡੇ ਡਾਕਟਰ ਵੀ ਇਸ ਨਾਮੁਰਾਦ ਬੀਮਾਰੀ ਲਈ ਸਿਹਤ-ਅਫ਼ਜ਼ਾ ਤੇ ਗੁਣਕਾਰੀ ਗਿਣਦੇ ਸਨ। ਪਰ ਡਾ: ਗੁਰਬਖਸ਼ ਸਿੰਘ ਜੀ ਦਾ "**ਸਰਬ ਰੋਗ ਕਾ ਅਉਖਦੁ ਨਾਮੁ**" ਦੇ ਗੁਰ-ਹੁਕਮ ਤੇ ਅਟੱਲ ਵਿਸ਼ਵਾਸ ਸੀ। ਉਨ੍ਹਾਂ ਦੇ ਬੇਨਤੀ ਕਰਨ ਤੇ ਜਥਾ ਦੋ ਤਿੰਨ ਦਿਨ ਰਾਵਲਪਿੰਡੀ ਕੀਰਤਨ ਕਰ ਕੇ ਸਾਂਵਲੀ ਪੁਜ ਗਿਆ।

ਹੈਰਾਨੀ ਦੀ ਕੋਈ ਹੱਦ ਨਾ ਰਹੀ ਜਦੋਂ ਕਿ ਉਹ ਸੁੰਦਰ ਜਗ੍ਹਾ ਇੰਨੀ ਸਾਫ਼ ਸੁਥਰੀ, ਚੀਲਾਂ ਦੇ ਜੰਗਲ ਵਿਚ ਘਿਰੀ ਹੋਈ ਵੇਖੀ। ਟੀ. ਬੀ. ਦੀ ਬੀਮਾਰੀ ਲਈ ਚਸ਼ਮੇ ਦੇ ਪਾਣੀ ਨਾਲੋਂ ਵੀ ਜ਼ਿਆਦਾ ਗੁਣਕਾਰੀ ਚੀਲਾਂ ਦੀ ਸਾਫ਼ ਤੇ ਸੁਗੰਧਤ ਹਵਾ ਗਿਣੀ ਜਾਂਦੀ ਹੈ। ਇਹ ਚਸ਼ਮਾ ਪੱਕੀ ਸੜਕ ਤੋਂ ਦੂਰ ਨਹੀਂ ਸੀ। ਉਚਾਈ ਵੀ ਕੋਈ ਬਹੁਤੀ ਨਹੀਂ ਸੀ। ਚਸ਼ਮੇ ਦੇ ਪਾਸ ਸਿਰਫ਼ ਦੋ ਕਮਰੇ ਤੇ ਰਸੋਈ ਗੁਸਲਖ਼ਾਨਾ ਸੀ, ਜਿਨ੍ਹਾਂ ਨੂੰ ਸਫ਼ੈਦੀ ਹੋਈ ਹੋਈ ਸੀ। ਚਸ਼ਮੇ ਲਾਗੇ ਥੋੜੀ ਜਿਹੀ ਥਾਂ ਦਰੱਖ਼ਤਾਂ ਤੋਂ ਖ਼ਾਲੀ ਸੀ, ਜਿਵੇਂ ਕਿ ਕੁਦਰਤ ਨੇ ਹੀ ਸੋਦਰ ਦੇ ਕੀਰਤਨ-ਪਾਠ-ਦੀਵਾਨ ਵਾਸਤੇ ਨੀਯਤ ਕਰ ਰਖੀ ਹੋਵੇ। ਬਾਕੀ ਸਾਰੀ ਜਗ੍ਹਾ ਵਿਚ ਚੀਲਾਂ ਦੀਆਂ ਚੋਟੀਆਂ ਅਸਮਾਨ ਨੂੰ ਛੂੰਹਦੀਆਂ ਸਨ। ਸਾਰੀ ਧਰਤੀ ਬੜੀ ਸਾਫ਼-ਸੁਥਰੀ ਸੀ ਤੇ ਚੀਲਾਂ ਦੇ ਪੱਤੇ ਡਿਗ ਡਿਗ ਕੇ ਸੋਹਣਾ


www.AKJ.Org

ਮੋਟਾ ਗਦਾ ਬਣਿਆ ਹੋਇਆ ਸੀ, ਜਿਸ ਕਰਕੇ ਸ਼ਾਮ ਨੂੰ ਸੋਦਰ ਦੇ ਦੀਵਾਨ ਸਮੇਂ ਦਰੀ ਆਦਿ ਵਿਛਾਣ ਦੀ ਲੋੜ ਨਹੀਂ ਸੀ ਪੈਂਦੀ। ਇਹ ਰਮਣੀਕ ਥਾਂ ਪਹਾੜ ਦੀ ਵੈਲੀ (ਵਾਦੀ) ਵਿਚ ਸੀ, ਜੋ ਕਿ ਚੌਹੀਂ ਪਾਸੀਂ ਪਹਾੜ ਦੀਆਂ ਛੋਟੀਆਂ ਛੋਟੀਆਂ ਚੋਟੀਆਂ ਨਾਲ ਘਿਰੀ ਹੋਈ ਸੀ। ਚੌਦ੍ਹਵੀਂ ਦੀ ਰਾਤੇ, ਸਾਫ਼ ਸੁਥਰੇ ਅਸਮਾਨ ਵਿਚ, ਰੁਮਕਦੀ ਹਵਾ ਵਿਚ ਛੋਟੀਆਂ ਬਦਲੀਆਂ ਮੰਡਲਾ ਰਹੀਆਂ ਹੋਣ ਤਾਂ ਉਸ ਨਵ-ਜੋਬਨ ਬਹਾਰ ਵਿਚ ਚੀਲਾਂ ਦੇ ਦਰੱਖਤਾਂ ਵਿਚ ਚੰਦ ਦੀ ਚਾਨਣੀ ਛਣ ਛਣ ਕੇ ਐਸੀ ਸੁੰਦਰਤਾ ਨਾਲ ਧਰਤੀ ਤੇ ਚਾਂਦੀ ਵਿਛਾ ਰਹੀ ਹੁੰਦੀ ਕਿ ਉਸ ਨੂੰ ਅਖਰਾਂ ਵਿਚ ਬਿਆਨ ਕਰਨਾ ਔਖਾ ਹੈ। ਇਸ ਅਲੌਕਿਕ ਕੁਦਰਤੀ ਨਜ਼ਾਰੇ ਦੀ ਸੁਹੱਪਣ ਅਜਬ ਤੇ ਅਕੱਥਨੀਯ ਸੀ। ਚੌਗਿਰਦੇ ਦੀ ਲਹਿ ਲਹਿ ਕਰਦੀ ਹਰਿਆਵਲ ਅੱਖਾਂ ਥਾਣੀਂ ਹਿਰਦੇ ਵਿਚ ਧਸਦੀ ਜਾਂਦੀ ਸੀ, ਜੋ ਮਨ ਤਨ ਨੂੰ ਠਾਰ ਰਹੀ ਸੀ।

ਜਦੋਂ ਪਹਿਲੀ ਸ਼ਾਮ ਉਸ ਅਸਥਾਨ ਤੇ ਸੋਦਰ ਦਾ ਦੀਵਾਨ ਸਜਿਆ ਤੇ ਕੀਰਤਨ ਦੀਆਂ ਧੁਨੀਆਂ ਪਹਾੜ ਦੀਆਂ ਚੋਟੀਆਂ ਨਾਲ ਟਕਰਾ ਕੇ ਗੂੰਜੀਆਂ ਤੇ ਸਮੂਹ ਪਿਆਰਿਆਂ ਨੇ ਇਤਨਾ ਅਨੰਦ ਮਾਣਿਆ ਕਿ ਜਿਸ ਦਾ ਜ਼ਿੰਦਗੀ ਵਿਚ ਅਗੇ ਕਦੇ ਵੀ ਤਜਰਬਾ ਨਹੀਂ ਸੀ ਹੋਇਆ।

ਇਸ ਅਸਥਾਨ ਦੀ ਅਚਰਜ ਸੁੰਦਰਤਾ ਦੀ ਖਿਚ ਦਾ ਇਕ ਕੌਤਕ ਇਥੇ ਹੀ ਵਰਨਣ ਕਰਨਾ ਯੋਗ ਹੈ। ਜਦੋਂ ਇਥੇ ਦੂਸਰਾ ਅਖੰਡਪਾਠ ਰਖਿਆ ਗਿਆ ਅਤੇ ਅਗਲੇ ਅੰਮ੍ਰਿਤ ਵੇਲੇ ਮਧ ਦਾ ਅਰਦਾਸਾ ਹੋਇਆ ਤੇ ਕੜਾਹ ਪ੍ਰਸ਼ਾਦ ਸੰਗਤ ਵਿਚ ਵਰਤਾਇਆ ਗਿਆ ਤਾਂ ਦਾਸ ਦੇ ਅੰਦਰ ਐਸਾ ਤਰੰਗ ਉਠਿਆ ਕਿ ਵਾਜਾ ਚੁਕ ਕੇ ਇਕ ਲਾਗਲੀ ਪਹਾੜੀ ਅਤੇ ਸੋਹਣੀ ਉਚੀ ਜਗ੍ਹਾ ਤੇ, ਜੋ ਉਸ ਚਸ਼ਮੇ ਤੋਂ ਨਜ਼ਰ ਆਉਂਦੀ ਸੀ, ਜਾ ਬੈਠਾ। ਅੰਦਰੋਂ ਸ਼ਬਦ ਦੀ ਤਰੰਗ ਉਠੀ ਤੇ ਇਹ ਗਾਵਿਆ ਗਿਆ—

ਧੰਨੁ ਸੋ ਦੇਸੁ ਜਹਾ ਤੂੰ ਵਸਿਆ ਮੇਰੇ ਸਜਣ ਮੀਤ ਮੁਰਾਰੇ ਜੀਉ ॥ ਮਾਝ ਮ: ੫—੯੬

ਉਸ ਸੁੰਞੀ ਪਰ ਸੁਹਾਵਣੀ ਇਕਾਂਤ ਵਿਚ ਸਵੇਰ ਦੇ ਵਕਤ ਜਦੋਂ ਸ਼ਬਦ ਦੀ ਗੂੰਜ ਕਈ ਪਹਾੜੀ ਚੋਟੀਆਂ ਨਾਲ ਟਕਰਾ ਕੇ ਵਾਪਸ ਮੁੜੀ ਤਾਂ ਗੁਰਬਾਣੀ ਦੀ ਪਾਰਸ-ਕਲਾ ਦਾ ਅਜਿਹਾ ਕੀਰਤਨ-ਰਸ ਬੱਝਾ, ਜਿਸ ਨੂੰ ਮਾਣ-ਮਹਿਸੂਸ ਹੀ ਕਰ ਸਕੀਦਾ ਹੈ, ਦਸਣਾ ਮੁਸ਼ਕਲ ਹੈ। ਸ਼ਬਦ ਵੀ ਵੈਰਾਗ ਭਰਿਆ ਸੀ। ਸੱਚੇ ਪਾਤਸ਼ਾਹ ਦੀ ਐਸੀ ਖੇਡ ਵਰਤੀ ਕਿ ਜਿਸ ਜਿਸ ਗੁਰਮੁਖ ਪਿਆਰੇ ਦੇ ਕੰਨੀਂ ਇਹ ਕੀਰਤਨ-ਗੂੰਜਾਂ ਪਈਆਂ, ਉਹ ਬਿਹਬਲਤਾ ਭਰੀ ਖਿਚ ਵਿਚ ਖਿਚੀਂਦਾ ਉਥੇ ਪੁਜ ਕੇ ਜੁੜਦਾ ਗਿਆ। ਸਾਰੇ ਗੁਰਮੁਖ ਪਿਆਰੇ ਪੁਜ ਗਏ। ਸ੍ਰੀ ਬਾਊ ਜੀ ਵੀ ਪੁਜ ਗਏ। ਕੇਵਲ ਭਾਈ ਅਤਰ ਸਿੰਘ ਜੀ ਪਿਛੇ ਰਹਿ ਗਏ, ਜੋ ਪਾਠ ਕਰ ਰਹੇ ਸਨ, ਜਾਂ ਇਕ ਬੀਬੀ ਜੀ, ਜੋ ਸੇਵਾ ਤੇ ਹਾਜ਼ਰ ਸਨ। ਸਾਰਾ ਮੰਡਲ ਹੀ ਗੁਰਬਾਣੀ-ਰਸ-ਮਹਿਕਾਂ ਨਾਲ ਮਹਿਕ ਉਠਿਆ। ਤਕਰੀਬਨ ਇਕ ਘੰਟੇ ਪਿਛੋਂ ਸ੍ਰੀ ਬਾਊ ਜੀ ਨੇ ਹੁਕਮ ਕੀਤਾ ਕਿ ਭੋਗ ਪੈ ਜਾਵੇ, ਕਿਉਂਕਿ ਪਾਠੀ ਸਿੰਘ ਦੇ ਬਦਲੀ ਕਰਨ ਦਾ ਸਮਾਂ ਹੋ ਗਿਆ ਸੀ।

ਜਿਵੇਂ ਕਿ ਪਿਛੇ ਦੱਸਿਆ ਗਿਆ ਹੈ ਕਿ ਜਿਸ ਦਿਨ ਜਥਾ ਉਥੇ ਪੁਜਾ ਤਾਂ ਸ਼ਾਮ ਦਾ ਦੀਵਾਨ ਉਥੇ ਚਸ਼ਮੇ ਦੇ ਪਾਸ ਹੀ ਸਜਾਇਆ ਗਿਆ। ਅਗਲੀ ਸਵੇਰ ਸੰਗਤ ਨੇ ਇਸ਼ਨਾਨ ਤੇ ਨਿਤਨੇਮ ਪਿਛੋਂ ਕਮਰੇ ਵਿਚ ਸੱਚੇ ਪਾਤਸ਼ਾਹ ਦਾ ਪ੍ਰਕਾਸ਼ ਕਰ ਕੇ ਦੀਵਾਨ ਸਜਾਇਆ। ਆਸਾ ਦੀ ਵਾਰ ਦੇ ਕੀਰਤਨ ਉਪਰੰਤ ਸ੍ਰੀ ਬਾਊ ਜੀ ਨੇ ਬੜੇ ਵੈਰਾਗ ਵਿਚ ਬੀਬੀ ਕੁੰਦਨ ਕੌਰ ਦੀ ਦੇਹ-ਅਰੋਗਤਾ ਦੀ ਅਰਦਾਸ ਕੀਤੀ। ਸ੍ਰੀ ਅਖੰਡਪਾਠ ਅਰੰਭ ਹੋ ਗਿਆ ਅਤੇ ਬੀਬੀ ਜੀ ਦਾ ਭੂਮ-ਆਸਣ ਉਸੇ ਕਮਰੇ ਵਿਚ ਕਰ ਕੇ ਤਾਕੀਦ ਕੀਤੀ ਗਈ ਕਿ ਕੰਨਾਂ ਨਾਲ ਸ੍ਰੀ ਅਖੰਡਪਾਠ ਸ੍ਰਵਣ ਕਰਨਾ ਹੈ ਤੇ ਰਸਨਾ ਨਾਲ ਗੁਰ-ਮੰਤਰ ਦਾ ਜਾਪ ਕਰਨਾ ਹੈ। ਬਾਕੀ ਸੰਗਤ ਵੀ ਸਾਰਾ ਵਕਤ ਇਸੇ ਤਰ੍ਹਾਂ ਜੁਟ ਗਈ। ਸ਼ਾਮ ਨੂੰ ਸੋਦਰ ਦਾ ਦੀਵਾਨ ਚਸ਼ਮੇ ਲਾਗੇ ਹੀ ਸਜਦਾ ਰਿਹਾ। ਖ਼ਾਸ ਗੱਲ ਜੋ ਇਸ ਸਮਾਗਮ ਵਿਚ ਵੇਖੀ ਗਈ, ਉਹ ਇਹ ਸੀ ਕਿ ਇਸ ਇਕਾਂਤ ਥਾਂ ਵਿਚ ਗੁਰਬਾਣੀ-ਪਾਠ



www.AKJ.Org

ਤੇ ਕੀਰਤਨ ਨਾਲ ਸਾਰਾ ਵਾਤਾਵਰਣ ਸੁਗੰਧਤ ਹੋ ਉਠਿਆ। ਦਸਮ ਪਾਤਸ਼ਾਹ ਜੀ ਦੇ ਮਹਾਂ ਵਾਕ—

ਜ਼ਮੀ ਜ਼ਮਾਨ ਕੇ ਬਿਖੈ ਸਮੱਸਤਿ ਏਕ ਜੋਤਿ ਹੈ॥੬॥੧॥੬੬॥ [ਅਕਾਲ ਉਸਤਤਿ

ਦਾ ਨਜ਼ਾਰਾ ਸਾਖਸ਼ਾਤ ਹੋ ਉਠਿਆ। ਸਾਰਾ ਪਹਾੜ ਕੀਰਤਨ ਦੀਆਂ ਮਧੁਰ ਧੁਨਾਂ ਨਾਲ ਥਰੱਰ ਰਿਹਾ ਸੀ।

ਧਨਿ ਧੰਨਿ ਹਮਾਰੇ ਭਾਗ
ਘਰ ਆਇਆ ਪਿਰੁ ਮੇਰਾ॥
ਸੋਹੇ ਬੰਕ ਦੁਆਰ ਸਗਲਾ ਬਨੁ ਹਰਾ॥
ਹਰਹਰਾ ਸੁਆਮੀ ਸੁਖਹਗਾਮੀ
ਅਨਦ ਮੰਗਲ ਰਸੁ ਘਣਾ॥
ਨਵਲ ਨਵਤਨ ਨਾਹੁ ਬਾਲਾ
ਕਵਨ ਰਸਨਾ ਗੁਣ ਭਣਾ॥
ਮੇਰੀ ਸੇਜ ਸੋਹੀ ਦੇਖਿ ਮੋਹੀ
ਸਗਲ ਸਹਸਾ ਦੁਖੁ ਹਰਾ॥
ਨਾਨਕੁ ਪਇਅੰਪੈ ਮੇਰੀ ਆਸ ਪੂਰੀ
ਮਿਲੇ ਸੁਆਮੀ ਅਪਰੰਪਰਾ॥-॥੧॥੩॥ ਬਿਲਾਵਲੁ ਮ: ੫ ਛੰਤ ੮੪੭

ਬੀਬੀ ਜੀ ਦੀ ਸਿਹਤਯਾਬੀ ਲਈ ਸੰਗਤ ਵਲੋਂ ਨਾਲੋ ਨਾਲ ਅਰਦਾਸਾਂ ਵੀ ਹੋ ਰਹੀਆਂ ਸਨ। ਇਸ ਤਰ੍ਹਾਂ ਇਥੋਂ ਦਾ ਵਾਯੂ-ਮੰਡਲ ਨਾਮ-ਬਾਣੀ ਨਾਲ ਭਰਪੂਰ ਹੋਇਆ ਵਿਆ ਅਉਖਧ ਦਾ ਕੰਮ ਕਰ ਰਿਹਾ ਸੀ।

ਬੀਬੀ ਕੁੰਦਨ ਕੌਰ ਪਹਿਲੀ ਸ਼ਾਮ ਹੀ ਡਾਕਟਰ ਨੂੰ ਕਹਿਣ ਲਗੀ ਕਿ ਉਹ ਆਪਣੇ ਸਰੀਰ ਨੂੰ ਪਹਿਲੇ ਨਾਲੋਂ ਸਵੱਸਥ ਮਹਿਸੂਸ ਕਰ ਰਹੀ ਹੈ। ਦੂਸਰੀ ਸ਼ਾਮ ਨੂੰ ਟੈਂਪ੍ਰੇਚਰ ਲਿਆ ਗਿਆ ਤਾਂ ਬੁਖ਼ਾਰ ਅਗੇ ਨਾਲੋਂ ਬਹੁਤ ਘਟ ਗਿਆ ਸੀ। ਬੜਾ ਹੌਸਲਾ ਹੋ ਗਿਆ। ਅਗਲੇ ਦਿਨ ਕੀਰਤਨ ਦੇ ਭੋਗ ਪਿਛੋਂ ਫਿਰ ਟੈਂਪ੍ਰੇਚਰ ਲਿਆ ਗਿਆ, ਜੋ ੯੯ ਡਿਗਰੀ ਦੇ ਕਰੀਬ ਸੀ। ਡਾਕਟਰ ਸਾਹਿਬ ਨੇ ਸੰਗਤ ਵਿਚ ਉਠਕੇ ਸਤਿਗੁਰੂ ਜੀ ਦਾ ਧੰਨਵਾਦ ਕਰਦਿਆਂ ਖੁਸ਼ੀ ਪ੍ਰਗਟਾਈ ਤੇ ਕਿਹਾ ਕਿ ਸਤਿਗੁਰੂ ਜੀ ਦੀ ਅਪਾਰ ਕਿਰਪਾ ਸਦਕਾ ਸ੍ਰੀ ਅਖੰਡਪਾਠ ਤੇ ਕੀਰਤਨ ਦੇ ਵਾਯੂ-ਮੰਡਲ ਵਿਚ ਬੀਬੀ ਜੀ ਨੂੰ ਬਹੁਤ ਅਰਾਮ ਆ ਗਿਆ ਹੈ। ਸ੍ਰੀ ਬਾਊ ਜੀ ਨੇ ਇਸ ਖੁਸ਼ੀ ਵਿਚ ਜੈਕਾਰਾ ਸਜਾਇਆ, ਅਤੇ ਕਹਿਣ ਲਗੇ ਕਿ ਜਦੋਂ ਇਲਾਜ ਦਾ ਪਰਤੱਖ ਸਬੂਤ ਮਿਲ ਗਿਆ ਹੈ ਤਾਂ ਹੋਰ ਉਡੀਕਣ ਦੀ ਕੀ ਲੋੜ ਹੈ। ਕਲ੍ਹ ਅੰਮ੍ਰਿਤ ਵੇਲੇ ਦੂਸਰਾ ਅਖੰਡਪਾਠ ਇਥੇ ਹੀ ਰਖਿਆ ਜਾਵੇ। ਬੀਬੀ ਜੀ ਤਾਂ ਬਹੁਤ ਹੌਂਸਲੇ ਵਿਚ ਹੋ ਗਏ ਤੇ ਸਾਰੀ ਸੰਗਤ ਨੇ ਬੜੀ ਖੁਸ਼ੀ ਮਨਾਈ। ਇਨ੍ਹਾਂ ਰੰਗਾਂ ਵਿਚ ਹੀ ਦੂਸਰੇ ਅਖੰਡਪਾਠ ਦਾ ਅਰੰਭ ਕਰਕੇ ਭੋਗ ਪਾਇਆ ਗਿਆ ਅਤੇ ਕੀਰਤਨ ਹੋ ਕੇ ਜਦੋਂ ਦੀਵਾਨ ਦੀ ਸਮਾਪਤੀ ਹੋਈ ਤਾਂ ਡਾਕਟਰ ਸਾਹਿਬ ਨੇ ਥਰਮਾਮੀਟਰ ਲਾ ਕੇ ਦਸਿਆ ਕਿ ਬੁਖ਼ਾਰ ਬਿਲਕੁਲ ਉਤਰ ਗਿਆ ਹੈ। ਸੰਗਤ ਨੇ ਖੁਸ਼ੀ ਵਿਚ ਕਈ ਜੈਕਾਰੇ ਗਜਾਏ। ਸ੍ਰੀ ਬਾਊ ਜੀ ਕਹਿਣ ਲਗੇ ਕਿ ਹੁਣ ਬੀਬੀ ਨੂੰ ਸਾਂਵਲੀ ਤੋਂ ਨਾਲ ਹੀ ਰਾਵਲਪਿੰਡੀ ਲੈ ਚਲੋ, ਉਥੇ ਹੋਰ ਸੰਮਾਗਮ ਹੋ ਰਹੇ ਹਨ, ਤੇ ਜੋ ਥੋੜੀ ਬਹੁਤ ਕਮਜ਼ੋਰੀ ਰਹਿ ਗਈ ਹੈ ਉਹ ਉਥੇ ਨਾਮ ਬਾਣੀ, ਕੀਰਤਨ-ਪ੍ਰਵਾਹ ਤੇ ਸੰਗਤ ਦੀ ਅਰਦਾਸ ਸਦਕਾ ਠੀਕ ਹੋ ਜਾਵੇਗੀ।

ਪਹਿਲੇ ਸ੍ਰੀ ਅਖੰਡਪਾਠ ਦੇ ਭੋਗ ਪਿਛੋਂ ਹੀ ਪਿੰਡੀ ਇਹ ਖ਼ਬਰ ਪੁਜ ਗਈ ਸੀ ਕਿ ਸਤਿਗੁਰੂ ਜੀ ਦੀ ਜ਼ਾਹਰੀ ਕਲਾ ਦਾ ਪਰਤੱਖ ਸਬੂਤ ਮਿਲ ਗਿਆ ਹੈ। ਓਦੋਂ ਹੀ ਫ਼ੈਸਲਾ ਹੋ ਗਿਆ ਕਿ ਰਾਵਲਪਿੰਡੀ ਵਾਪਸੀ ਤੇ ਸਤਿਗੁਰੂ ਜੀ ਦੇ ਸ਼ੁਕਰਾਨੇ ਵਜੋਂ ਤੀਜਾ ਅਖੰਡਪਾਠ ਰਖਿਆ ਜਾਵੇ ਅਤੇ ਨਾਲ ਹੀ ਅੰਮ੍ਰਿਤ-ਸੰਚਾਰ ਭੀ ਹੋਵੇ। ਪਿੰਡੀ ਦੇ ਪਰਸਿੱਧ, ਕੇਂਦਰੀ ਸਰਕਾਰ ਦੇ ਠੇਕੇਦਾਰ, ਰਾਇ ਬਹਾਦਰ ਬੂਟਾ ਸਿੰਘ, ਜੋ ਬੀਬੀ ਇੰਦਰ ਕੌਰ ਜੀ ਦੇ



www.AKJ.Org

ਨਾਨਾ ਜੀ ਸਨ, ਦੇ ਸ਼ਾਹੀ ਮਹੱਲਾਂ ਵਰਗੇ ਘਰ ਉਤਾਰਾ ਕੀਤਾ ਗਿਆ, ਕਿਉਂਕਿ ਉਸ ਪਰਵਾਰ ਨੇ ਵੀ ਅੰਮ੍ਰਿਤ ਛਕਣਾ ਸੀ।

## ਅੰਮ੍ਰਿਤ ਸਮਾਗਮ ਤੇ ਮਾਈ ਕੁੰਜੀ–

ਬੀਬੀ ਕੁੰਦਨ ਕੌਰ ਦੇ ਨਾਮ-ਬਾਣੀ ਕੀਰਤਨ ਨਾਲ ਰਾਜ਼ੀ ਹੋਣ ਦੀ ਕੀਰਤੀ ਸ਼ਹਿਰ ਦੀਆਂ ਸਭ ਸਿਖ ਸੰਗਤਾਂ ਵਿਚ ਫੈਲ ਚੁਕੀ ਸੀ। ਸੋ ਇਸ ਤੀਜੇ ਅਖੰਡਪਾਠ ਦੇ ਭੋਗ ਉਪਰੰਤ ਪੰਜਾਹ-ਸਠ ਦੇ ਕਰੀਬ ਮਾਈ ਭਾਈ ਅੰਮ੍ਰਿਤ ਛਕਣ ਲਈ ਬੜੇ ਚਾਉ-ਉਮਾਹਿਆਂ ਵਿਚ ਤਿਆਰ ਹੋ ਗਏ। ਅੰਮ੍ਰਿਤ ਦਾ ਬਾਟਾ ਤਿਆਰ ਹੋਇਆ। ਜਦੋਂ ਪਹਿਲੀ ਹੀ ਬੀਬੀ (ਭਾਈ ਡੋਗਰ ਸਿੰਘ ਜੀ ਦੀ ਪਤਨੀ, ਜੋ ਪਿਛੋਂ ਮਾਈ ਕੁੰਜੀ ਦੇ ਨਾਂ ਨਾਲ ਜਥੇ ਵਿਚ ਪਰਸਿਧ ਹੋਈ) ਨੂੰ ਪੰਜਾਂ ਪਿਆਰਿਆਂ ਨੇ ਅੰਮ੍ਰਿਤ ਛਕਾ ਕੇ ਗੁਰ-ਮੰਤਰ ਦ੍ਰਿੜ੍ਹ ਕਰਵਾਇਆ ਤਾਂ ਉਸ ਨਾਮ ਜਪਦੀ ਜਪਦੀ ਦੀਆਂ ਅੱਖਾਂ ਟਟਾਰੇ ਲਗ ਗਈਆਂ, ਸੁਰਤੀ ਬਿਰਤੀ ਚੜ੍ਹ ਗਈ। ਗੁਰਵਾਕ–

ਹਉ ਆਕਲ ਬਿਕਲ ਭਈ ਗੁਰ ਦੇਖੇ
ਹਉ ਲੋਟ ਪੋਟ ਹੋਇ ਪਈਆ ॥੧॥ਰਹਾਉ॥ ਬਿਲਾਵਲੁ ਮ. ੪–੮੩੬
ਪੀ ਅੰਮ੍ਰਿਤੁ ਤ੍ਰਿਪਤਾਸਿਆ, ਤਾ ਕਾ ਅਚਰਜੁ ਸੁਆਦ ॥੨॥ ਬਿਲਾਵਲੁ ਮ: ੫–੮੧੪

ਵਾਲੀ ਬਿਸਮਾਦ ਦਸ਼ਾ ਹੋ ਗਈ। ਉਸ ਤੋਂ ਪਿਛੋਂ ਜੋ ਜੋ ਅੰਮ੍ਰਿਤ-ਅਭਿਲਾਖੀ ਅੰਮ੍ਰਿਤ-ਚੁਲੇ ਲੈਂਦਾ ਗਿਆ, ਉਹ ਇਸੇ ਤਰ੍ਹਾਂ ਹੀ ਚਲੂਲੇ ਰੰਗਾਂ ਵਿਚ ਮਖ਼ਮੂਰ ਹੁੰਦਾ ਗਿਆ। ਸਾਂਵਲੀ ਤੇ ਪਿੰਡੀ ਦੇ ਇਨ੍ਹਾਂ ਅਖੰਡਪਾਠ-ਸਮਾਗਮਾਂ ਤੇ ਇਸ ਅਲੌਕਿਕ ਅੰਮ੍ਰਿਤ-ਸਿੰਚਾਰ ਸਮਾਗਮ ਦੇ ਚਮਤਕਾਰ ਸਿਖ ਸੰਗਤਾਂ ਵਿਚ ਇੰਨੇ ਧੁੰਮੇ ਕਿ ਹੋਰ ਅਨੇਕਾਂ ਅਭਿਲਾਖੀ ਅੰਮ੍ਰਿਤ ਛਕਣ ਨੂੰ ਤਿਆਰ ਹੋ ਗਏ। ਫ਼ੈਸਲਾ ਹੋਇਆ ਕਿ ਅਗਲਾ ਅਖੰਡਪਾਠ ਤੇ ਅੰਮ੍ਰਿਤ-ਸਿੰਚਾਰ-ਸਮਾਗਮ ਮਾਈ ਕੁੰਜੀ ਦੇ ਘਰ ਹੀ ਕੀਤਾ ਜਾਵੇ, ਤਾਂ ਜੁ ਮਾਈ ਕੁੰਜੀ ਵਰਗੀ ਕੋਈ ਹੋਰ ਰੰਗ ਲਾਉਣ ਵਾਲੀ ਮੁਸ਼ਕਣ-ਬੂਟੀ ਮਿਲ ਜਾਵੇ। [ਚਲਦਾ]

[ਸਫ਼ਾ ੧੩ ਦੀ ਬਾਕੀ]

ਨਾਨਕ-ਵਾਦ ਦੀ ਨੀਂਹ ਹੈ ਸੱਚ ਉੱਤੇ,
ਇਦ੍ਹੀ ਕਰਨੀ ਜਿਹਾ ਕਿਤੇ ਵੀ ਕਰਮ ਕੋਈ ਨਹੀਂ।
ਊਚ ਨੀਚ ਦਾ ਏਸ ਵਿਚ ਵਿਤਕਰਾ ਨਹੀਂ,
ਇਸ ਵਿਚ ਭੇਖ, ਪਖੰਡ ਤੇ ਭਰਮ ਕੋਈ ਨਹੀਂ।
ਔਰਤ ਜ਼ਾਤ ਦੀ ਪੱਤ ਤੇ ਸ਼ਰਮ ਇਹਨੂੰ,
ਜ਼ੁਲਮ ਅੱਗੇ ਇਹ ਹੋਂਵਦਾ ਨਰਮ ਕੋਈ ਨਹੀਂ।
ਸੌ ਹੱਥ ਰੱਸਾ ਤੇ ਸਿਰੇ ਤੇ ਗੰਢ ਯਾਰੋ,
ਨਾਨਕ-ਧਰਮ ਵਰਗਾ ਹੋਰ ਧਰਮ ਕੋਈ ਨਹੀਂ।

ਇਕ ਅੰਗ੍ਰੇਜ਼ ਲਿਖਦੈ, "ਸਾਡਾ ਵਾਦ, ਜੇਕਰ,
ਨਾਨਕ-ਵਾਦ ਵਰਗਾ, ਉੱਤਮ ਵਾਦ ਹੁੰਦਾ।
ਸਾਡੇ ਕੋਲ ਜੇ ਸਿੱਖੀ ਸਿਧਾਂਤ ਹੁੰਦੇ,
ਜੇਕਰ ਬਾਣੀ ਜਿਹਾ ਰੱਬੀ ਨਾਦ ਹੁੰਦਾ।
ਲੋਕ ਦੁਨੀਆ ਦੇ ਸੁਖੀ ਤੇ ਸ਼ਾਂਤ ਹੁੰਦੇ,
ਸਾਡੇ ਜੀਉਣ ਦਾ ਹੋਰ ਸੁਆਦ ਹੁੰਦਾ।
ਸਾਰੇ ਜੱਗ ਵਿਚ ਸਾਡਾ ਹੀ ਮਜ਼੍ਹਬ ਹੁੰਦਾ,
ਨਾ ਇਹ ਵਾਦ ਹੁੰਦੇ, ਨਾ ਵਿਵਾਦ ਹੁੰਦਾ।"

ਸਾਇੰਸ ਸੁੱਖ ਦਿਤੇ, ਪਰ ਨਹੀਂ ਚੈਨ ਦਿੱਤਾ,
ਸਗੋਂ ਵਧੀ ਤਬਾਹੀ, ਤੜਥੱਲ ਲੋਕੋ।
ਐਪਰ ਜੱਗ ਵਿਚ ਠੰਢ ਵਰਤਾਉਣ ਵਾਲਾ,
ਨਾਨਕ-ਵਾਦ ਹੈ ਅੱਜ ਦਾ ਹੱਲ ਲੋਕੋ।

ਨਾਨਕ-ਵਾਦ ਦੀ ਲੋੜ ਸੰਸਾਰ ਨੂੰ ਏ,
ਆਓ! ਜੀਊਣ ਦਾ ਸਿੱਖ ਲੌ ਵੱਲ ਲੋਕੋ।
ਸਾਬਤ ਕੀਤਾ ਅਮ੍ਰੀਕਨਾਂ ਸਿੱਖ ਬਣ ਕੇ,
ਨਾਨਕ-ਵਾਦ ਹੈ ਅੱਜ ਦਾ ਹੱਲ ਲੋਕੋ।

[ਛਪ ਰਹੀ ਪੁਸਤਕ "ਰਤੇ ਇਸ਼ਕ ਖ਼ੁਦਾਇ" ਵਿਚੋਂ



www.AKJ.Org

# ਨਾਨਕ-ਵਾਦ ਹੈ ਅੱਜ ਦਾ ਹੱਲ ਲੋਕੋ!

ਸ੍ਰੀ ਗੁਰੂ ਸਿੰਘ ਸਭਾ ਬੰਬਈ ਵਲੋਂ ੧੯੭੪ ਵਿਚ ਰਖੇ ਇਨਾਮੀ ਮੁਕਾਬਲੇ ਵਿਚ
ਪਹਿਲਾ ਇਨਾਮ ਪ੍ਰਾਪਤ ਕਰਨ ਵਾਲੀ ਕਵਿਤਾ

[ਵਲੋਂ—ਸ: ਦਾਨ ਸਿੰਘ ਜੀ ਕੋਮਲ, ਬੰਬਈ ਵਾਲੇ, ਕੋਰਟ ਰੋਡ, ਪੱਟੀ]

ਅੱਜ ਹਾਲ ਜ਼ਮਾਨੇ ਦਾ ਵੇਖ ਕੇ ਤੇ,
ਪੈਂਦੇ ਮੇਰੇ ਕਲੇਜੇ ਨੂੰ ਸੱਲ ਲੋਕੋ।
ਧੋਖੇ ਈਰਖਾ ਦਾ ਡੰਕਾ ਵੱਜਦਾ ਏ,
ਹਰ ਥਾਂ ਝੂਠ ਦਾ ਖੜਕਦਾ ਟੱਲ ਲੋਕੋ।
ਚਿੱਟੇ ਦਿਨੀਂ ਹੋਏ ਮਨ ਤੇ ਧਨ ਕਾਲੇ,
ਰਾਤੀਂ ਚਿੱਟਿਆਂ ਤਨਾਂ ਦੀ ਗੱਲ ਲੋਕੋ।
ਭ੍ਰਿਸ਼ਟਾਚਾਰ, ਸਮਗਲਿੰਗ ਦਾ ਬੋਲ ਬਾਲਾ,
ਲਹਿੰਦੀ ਪਈ ਇਨਸਾਫ਼ ਦੀ ਖੱਲ ਲੋਕੋ।

ਹੱਥੀਂ ਕਿਰਤ ਕਰਨੀ, ਖਾਣਾ ਵੰਡ ਕੇ ਤੇ,
ਜਪਣਾ ਇੱਕੋ ਹੀ ਇਕ ਨਿਰੰਕਾਰ ਹਰ ਦਮ।
ਸੰਗਤ ਵਿਚ ਬਹਿਣਾ, ਪੜ੍ਹਨੀ ਗੁਰਬਾਣੀ,
ਕਰਨਾ ਮਾਨਵਤਾ ਨਾਲ ਪਿਆਰ ਹਰ ਦਮ।
ਬਚ ਕੇ ਕਾਮ ਕ੍ਰੋਧ ਤੇ ਲੋਭ ਮੋਹ ਤੋਂ,
ਹਉਮੈ,ਮਾਇਆ ਦੀ ਢਾਹੁਣੀ ਦੀਵਾਰ ਹਰ ਦਮ।
ਮਨ ਜਿੱਤ ਕੇ ਜੱਗ ਨੂੰ ਜਿੱਤ ਲੈਣਾ,
ਰੱਖਣਾ ਜੋਤਿ ਨੂੰ ਜੋਤਿ ਵਿਚਕਾਰ ਹਰ ਦਮ।

ਕਿਦਾਂ ਅਮਨ ਸ਼ਾਂਤੀ ਹੋਵੇ ਜੱਗ ਅੰਦਰ,
ਸਮੇਂ ਪਾਇਆ ਸਵਾਲ ਅੱਜ ਕਲ੍ਹ ਲੋਕੋ?
ਇਹਦਾ ਬਿਲਕੁਲ ਏ ਠੀਕ ਜਵਾਬ ਇੱਕੋ,
ਨਾਨਕ-ਵਾਦ ਹੈ ਅੱਜ ਦਾ ਹੱਲ ਲੋਕੋ।

ਨਾਨਕ-ਵਾਦ ਦੇ ਇਹ ਅਸੂਲ ਸੁੱਚੇ,
ਸਿੱਧੇ, ਸਾਫ ਤੇ ਸਰਲ ਸੁਖੱਲ ਲੋਕੋ।
ਮੰਗ ਸਮੇਂ ਦੀ, ਕਹਿਣ ਵਿਦਵਾਨ ਸਾਰੇ,
ਨਾਨਕ-ਵਾਦ ਹੈ ਅੱਜ ਦਾ ਹੱਲ ਲੋਕੋ।

ਨਾਨਕ-ਵਾਦ, ਗੁਰੂ ਨਾਨਕ ਦੀ ਸਿੱਖਿਆ ਏ,
ਇਹਨੂੰ ਕਿਹਾ ਜਾਂਦਾ ਨਾਨਕ-ਮੱਤ ਵੀ ਏ।
ਨਾਨਕ-ਮੱਤ ਦਸਦੈ, ਇਕ ਪ੍ਰਮਾਤਮਾ ਏ,
ਜੋ ਨਿਰਭਉ, ਨਿਰਵੈਰ ਤੇ ਸੱਤ ਵੀ ਏ।
ਏਸ ਮੱਤ ਵਿਚ ਨਿਮ੍ਰਤਾ, ਦਇਆ, ਧੀਰਜ,
ਜਤ ਸਤ ਵੀ ਏ, ਗਤ ਪੱਤ ਵੀ ਏ।
ਨੇਕੀ, ਸੇਵਾ ਤੇ ਪਰ-ਉਪਕਾਰ, ਸ਼ਾਂਤੀ,
ਮਿੱਠਤ ਗੁਣ ਚੰਗਿਆਈਆਂ ਦਾ ਤੱਤ ਵੀ ਏ।

ਨਾਨਕ-ਵਾਦ ਦਸਦੈ, ਇਸ ਸੰਸਾਰ ਅੰਦਰ,
ਹਰ ਇਕ ਮਜ਼ਬ ਚੰਗਾ ਤੇ ਈਮਾਨ ਚੰਗਾ।
ਕੋਈ ਫ਼ਰਕ ਨਹੀਂ, ਰਾਮ ਰਹੀਮ ਅੰਦਰ,
ਹੈ, ਖ਼ੁਦਾ ਚੰਗਾ ਤੇ ਭਗਵਾਨ ਚੰਗਾ।
ਪਰ ਜੋ ਰੱਬ ਦੀ ਖ਼ਲਕ ਨੂੰ ਪਿਆਰ ਕਰਦੈ,
ਹਿੰਦੂ ਉਹੋ ਚੰਗਾ, ਮੁਸਲਮਾਨ ਚੰਗਾ।
ਐਪਰ ਹਿੰਦੂਆਂ ਮੋਮਨਾਂ ਦੋਹਾਂ ਵਿਚੋਂ,
ਜੀਹਦੇ ਅਮਲ ਚੰਗੇ ਉਹ ਇਨਸਾਨ ਚੰਗਾ।

ਇਸ ਵਿਚ ਏਕਤਾ, ਪਿਆਰ ਸਤਯੁੱਗ ਵਰਗਾ,
ਯੁੱਗੋ ਯੁੱਗ ਹੈ ਇਹ ਅਟੱਲ ਲੋਕੋ।
ਹਰਦਮ ਭਲਾ ਸਰਬੱਤ ਦਾ ਚਾਹੁਣ ਵਾਲਾ,
ਨਾਨਕ-ਵਾਦ ਹੈ ਅੱਜ ਦਾ ਹੱਲ ਲੋਕੋ।

ਅਮਲੀ ਧਰਮ ਇਹ ਚੜ੍ਹਦੀਆਂ ਕਲਾਂ ਵਾਲਾ,
ਇਸ ਨੇ ਦਿਲਾਂ ਨੂੰ ਲਿਆ ਏ ਮੱਲ ਲੋਕੋ।
ਅੱਜ ਦੇ ਸਾਰੇ ਸੰਸਾਰ ਦੇ ਮਸਲਿਆਂ ਦਾ,
ਨਾਨਕ-ਵਾਦ ਹੈ ਇਕੋ ਹੀ ਹੱਲ ਲੋਕੋ।

[ਬਾਕੀ ਦੇਖੋ ਸਫ਼ਾ ੧੨ ਦੇ ਹੇਠ]



www.AKJ.Org

# ਕੇਸ ਅਤੇ ਨਾਖ਼ੁਨ ਰੱਬ ਦੀ ਦੇਣ

[ਵਲੋਂ—ਸ: ਗੁਰਬਖਸ਼ ਸਿੰਘ ਜੀ ਮੇਜਰ (ਰੀਟਾਇਰਡ), ਲੁਧਿਆਣਾ]

ਇਹ ਸਵਾਲ ਕਿ ਕੇਸ ਰੋਮ ਅਤੇ ਨਾਖ਼ੁਨ ਰੱਬ ਨੇ ਸਰੀਰ ਤੇ ਪੈਦਾ ਕੀਤੇ ਹਨ, ਫਿਰ ਸਿਖਾਂ ਲਈ ਕੇਸਾਂ ਅਤੇ ਰੋਮਾਂ ਨੂੰ ਕਟਣਾ ਜਾਂ ਉਤਾਰਨਾ ਸਖ਼ਤ ਮਨ੍ਹਾ ਹੈ। ਪਰ ਰੱਬ ਨੇ ਹੀ ਸਰੀਰ ਤੇ ਨਾਖ਼ੁਨ ਪੈਦਾ ਕੀਤੇ, ਫਿਰ ਸਿਖ ਇਨ੍ਹਾਂ ਨੂੰ ਕਿਉਂ ਕਟਦੇ ਹਨ ?

ਇਹ ਸਵਾਲ ਪਹਿਲੀ ਵਾਰ ਆਰੀਆ ਸਮਾਜੀ ਲੜਕੇ ਮੁਲਖ ਰਾਜ ਨੇ ਮੇਰੇ ਤੇ ਕੀਤਾ, ਜਦ ਕਿ ਅਸੀਂ ਅਠਵੀਂ ਜਮਾਤ ਵਿਚ ੧੯੩੩ ਵਿਚ ਪੜ੍ਹਦੇ ਸੀ। ਮੇਰੇ ਪਾਸ ਕੋਈ ਜਵਾਬ ਨਹੀਂ ਸੀ ਬਣ ਆਇਆ। ਪਰ ਮੇਰੇ ਮਨ ਵਿਚ ਇਹ ਸਵਾਲ ਯਾਦ ਆਉਣ ਤੇ ਬਹੁਤ ਪ੍ਰੇਸ਼ਾਨੀ ਹੁੰਦੀ।

ਫਿਰ ਇਹੋ ਸਵਾਲ ਸਮੇਂ ਸਮੇਂ ਸਿਖੀ ਤੇ ਤਰਕ ਕਰਨ ਵਾਲੇ ਅਤੇ ਕਈ-ਇਕ ਸਿਖਾਂ ਪਾਸੋਂ ਵੀ ਸੁਣਿਆ। ਪਰ ਮੇਰੇ ਪਾਸ ਮੇਰੇ ਆਪਣੇ ਮਨ ਨੂੰ ਮਨੋ-ਵਿਗਿਆਨ ਦੇ ਲਿਹਾਜ਼ ਨਾਲ ਤਸੱਲੀ ਦੇਣ ਵਾਲਾ ਕੋਈ ਜਵਾਬ ਨਹੀਂ ਸੀ।

੧੯੭੦ ਵਿਚ ਮੈਂ ਭੁਪਾਲ ਮਿਲਟਰੀ ਵਿਚ ਨੌਕਰੀ ਕਰਦਾ ਸੀ ਤਾਂ ਕਈ-ਇਕ ਆਫ਼ੀਸਰ ਵੀ ਇਹ ਸਵਾਲ ਕਰਨ ਲਗ ਪਏ। ਬਲਕਿ ਕਈ ਜਵਾਨ ਤੇ ਸਿਖ ਆਫ਼ੀਸਰ ਇਸ ਸਵਾਲ ਦੀ ਆੜ ਵਿਚ ਖੁਲ੍ਹੇ-ਆਮ ਕੇਸਾਂ ਰੋਮਾਂ ਦੀ ਬੇਅਦਬੀ ਕਰਨ ਲਗ ਪਏ। ਇਹ ਵੇਖ ਕਰ ਮਨ ਬਹੁਤ ਦੁਖੀ ਹੁੰਦਾ, ਪਰ ਪੇਸ਼ ਕੋਈ ਨਹੀਂ ਸੀ ਜਾਂਦੀ, ਕਿਉਂਕਿ ਮਨੋਵਿਗਿਆਨ ਤੇ ਪੂਰਾ ਉਤਰਨ ਵਾਲਾ ਜਵਾਬ ਮੇਰੇ ਪਾਸ ਕੋਈ ਨਹੀਂ ਸੀ ਤੇ ਅਟਕਲ-ਪਚੂ ਜਵਾਬ ਨਾਲ ਕਿਸੇ ਦੀ ਤਸੱਲੀ ਨਹੀਂ ਸੀ ਹੁੰਦੀ। ਵੈਸੇ ਸਚਾਈ ਇਹ ਸੀ ਕਿ ਅਟਕਲ-ਪਚੂ ਜਵਾਬ ਨਾਲ ਮੈਨੂੰ ਆਪਣੇ ਆਪ ਤੇ ਭਰੋਸਾ ਤੇ ਤਸੱਲੀ ਨਹੀਂ ਸੀ।

ਇਕ ਦਿਨ ਵਾਹਿਗੁਰੂ ਜੀ ਦੀ ਅਪਾਰ ਕਿਰਪਾ ਹੋਈ। ਮੈਂ ਇਸੇ ਪ੍ਰੇਸ਼ਾਨੀ ਵਿਚ ਪਲਟਨ ਦੇ ਗੁਰਦਵਾਰੇ ਸਾਹਿਬ ਜਾ ਕੇ ਗਰੰਥੀ ਸਾਹਿਬ ਨਾਲ ਗੱਲ ਕਰ ਰਿਹਾ ਸੀ। ਇਕ ਬਜ਼ੁਰਗ ਡਾਕਟਰ ਸਾਹਿਬ, ਜੋ ਕਿ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੇ ਜਥੇ ਦੇ ਸਨ, ਭੁਪਾਲ ਆਪਣੇ ਲੜਕੇ ਇਕ ਕੈਪਟਨ ਸਾਹਿਬ ਪਾਸ ਆਏ ਹੋਏ ਸਨ। ਉਹ ਬੜੇ ਹੱਸਮੁਖ, ਮਿਠ-ਬੋਲੜੇ ਅਤੇ ਸਿਖੀ ਅਸੂਲਾਂ ਤੋਂ ਜਾਣੂ ਸਨ। ਗੁਰਦਵਾਰਾ ਸਾਹਿਬ ਆ ਗਏ। ਹੱਸ ਕਰ ਬੋਲੇ ਅਤੇ ਬੜੇ ਮਨੋਵਿਗਿਆਨ ਤਰੀਕੇ ਨਾਲ ਇਸ ਸਵਾਲ ਦਾ ਜਵਾਬ ਕੁਝ ਇਸ ਤਰ੍ਹਾਂ ਦਿਤਾ।

ਬਜ਼ੁਰਗ ਡਾਕਟਰ ਸਾਹਿਬ ਕਹਿਣ ਲਗੇ—ਇਹ ਹੀ ਸਵਾਲ ਆਰੀਆ ਸਮਾਜੀ ਸਵਾਮੀ ਦਿਆ ਨੰਦ ਨੇ ਗਿਆਨੀ ਦਿੱਤ ਸਿੰਘ ਜੀ ਤੇ ਕੀਤਾ ਸੀ (ਗਿਆਨੀ ਦਿੱਤ ਸਿੰਘ ਜੀ ਦਿਆ ਨੰਦ ਦੇ ਸਮਕਾਲੀ ਸਨ)। ਗਿਆਨੀ ਜੀ ਨੇ ਜਵਾਬ ਕੁਝ ਇਸ ਤਰ੍ਹਾਂ ਦਾ ਦਿਤਾ—

ਰੱਬ ਨੇ ਸਰੀਰ ਨੂੰ ਇਕ ਬ੍ਰਹਿਮੰਡ ਵਾਂਗੂ ਬਣਾਇਆ ਹੈ। ਇਹ ਗੱਲ ਵਿਗਿਆਨ ਨੇ ਸਾਬਤ ਕਰ ਦਿਤੀ ਹੈ ਕਿ ਸਰੀਰ ਅੰਦਰ ਤੇ ਬਾਹਰ ਕਈ ਅਨਗਿਣਤ ਜੀਵਾਣੂ (ਸੈੱਲ) ਪੈਦਾ ਹੁੰਦੇ ਹਨ। ਮਿਸਾਲ ਦੇ ਤੌਰ ਤੇ ਸਰੀਰ ਅੰਦਰ ਰੈੱਡ ਬਲੱਡ ਕਾਰਪੋਲੈਸ (Red Blood corpulos or R. B. C.) ਪੈਦਾ ਹੁੰਦੇ ਅਤੇ ਆਪਣੀ ਆਯੂ ਭੋਗ ਕੇ ਸਰੀਰ ਤੋਂ ਅਲਗ ਹੋ ਜਾਂਦੇ ਹਨ। ਇਕ R. B. C. ਦੀ ਉਮਰ ਵਿਗਿਆਨ ਨੇ ਸਾਬਤ ਕੀਤਾ ਹੈ, '੧੨੦ ਦਿਨ ਹੁੰਦੀ ਹੈ। ਇਨ੍ਹਾਂ ਵਿਚੋਂ ਕਈ-ਇਕ ਸਰੀਰ ਅੰਦਰ ਤੇ ਕਈ-ਇਕ ਬਾਹਰ ਚਮੜੀ ਨਾਲ ਹੁੰਦੇ ਹਨ। ਅਤੇ ਅਨਗਿਣਤ ਪੈਦਾ ਹੁੰਦੇ ਤੇ ਮਰਦੇ ਹਨ। ਇਨ੍ਹਾਂ ਵਿਚੋਂ ਕੁਝ-ਇਕ ਨੂੰ ਅੱਖ ਨਾਲ ਵੇਖ ਸਕਦੇ ਹਾਂ, ਕੁਝ-ਇਕ ਨੂੰ ਦੂਰਬੀਨ ਨਾਲ ਤੇ ਕੁਝ-ਇਕ ਨੂੰ ਵੇਖ ਹੀ ਨਹੀਂ ਸਕਦੇ, ਪਰ ਹੋਂਦ



www.AKJ.Org

ਜ਼ਰੂਰ ਹੈ। ਇਸ ਤਰ੍ਹਾਂ ਸਰੀਰ ਦੀ ਲੋੜ ਪੂਰੀ ਕਰਨ ਮਗਰੋਂ ਮਰ ਜਾਂਦੇ ਜਾਂ ਸਰੀਰ ਲਈ ਬੇਲੋੜੇ ਹੋਣ ਕਾਰਨ ਸਰੀਰ ਉਨ੍ਹਾਂ ਨੂੰ ਸਰੀਰ ਵਿਚੋਂ ਮਲ, ਮੂਤ, ਸਵਾਸਾਂ ਜਾਂ ਪਸੀਨੇ ਆਦਿ ਨਾਲ ਬਾਹਰ ਸੁਟ ਦੇਂਦਾ ਹੈ।

ਹੁਣ ਸਾਬਤ ਹੋ ਚੁਕਾ ਹੈ ਕਿ ਹਰ ਕੇਸ ਤੇ ਰੋਮ ਵਿਚ ਜ਼ਿੰਦਗੀ ਹੈ ਅਤੇ ਸਰੀਰ ਵਿਚੋਂ ਚਮੜੀ ਰਾਹੀਂ ਖ਼ੁਰਾਕ ਲੈ ਕੇ ਆਪਣੀ ਆਯੂ ਭੋਗ ਕੇ ਮਰ ਜਾਂਦਾ ਹੈ। ਇਸ ਤਰ੍ਹਾਂ ਕਈ ਕੇਸ ਰੋਜ਼ ਜੰਮਦੇ ਤੇ ਮਰਦੇ ਹਨ। ਇਸ ਲਈ ਸਿਖਾਂ ਨੂੰ ਬੇਲੋੜੇ (ਮੁਰਦਾ) ਕੇਸਾਂ ਨੂੰ ਸਰੀਰ ਵਿਚੋਂ ਅਡ ਕਰਨ ਲਈ ਦੋ ਵਕਤ ਕੰਘਾ ਕਰਨ ਦਾ ਹੁਕਮ ਹੈ। ਇਸ ਤਰ੍ਹਾਂ ਦੋਨੋਂ ਟਾਇਮ ਕੇਸ ਮੁਰਦਾ (ਬੇਲੋੜੇ) ਕੰਘੇ ਨਾਲ ਬਾਹਰ ਕਢ ਦਿਤੇ ਜਾਣ ਦਾ ਹੁਕਮ ਹੈ। ਸਿਖ ਜਿਤਨੀ ਸਖਤੀ ਨਾਲ ਜ਼ਿੰਦਾ ਕੇਸ ਦੀ ਸੰਭਾਲ ਕਰਦਾ ਹੈ ਉਸੇ ਸਖ਼ਤੀ ਨਾਲ ਮੁਰਦੇ ਕੇਸਾਂ ਨੂੰ ਜ਼ਿੰਦਾ ਕੇਸਾਂ ਤੋਂ ਅਲੱਗ ਕਰਦਾ ਹੈ । ਇਸ ਲਈ ਸਾਬਤ ਹੋਇਆ ਕਿ ਸਿਖ ਜ਼ਿੰਦਾ ਕੇਸਾਂ ਦੀ ਸੰਭਾਲ ਕਰਦਾ ਹੈ, ਮੁਰਦਾ ਦੀ ਨਹੀਂ। ਭਲਾ ਜੇ ਕਿਤੇ ਜ਼ਿੰਦਾ ਕੇਸ ਕਦੀ ਕੋਈ ਕੰਘੇ ਨਾਲ ਅੜ ਕਰ ਟੁਟ ਜਾਏ ਤਾਂ ਉਸ ਵਕਤ ਦਰਦ ਮਹਿਸੂਸ ਹੁੰਦਾ ਹੈ ਅਤੇ ਚਮੜੀ ਜਿਥੋਂ ਕੇਸ ਕੰਘੇ ਨਾਲ ਅੜ ਕੇ ਨਿਕਲਿਆ ਹੈ, ਵੀ ਦਰਦ ਮਹਿਸੂਸ ਕਰਦੀ ਹੈ। ਇਸ ਤਰ੍ਹਾਂ ਜੇ ਕਿਤੇ ਕੰਘੇ ਨਾਲ ਮੁਰਦਾ ਕੇਸ ਨ ਨਿਕਲੇ ਤਾਂ ਖੁਰਕ ਸ਼ੁਰੂ ਹੋ ਜਾਂਦੀ ਹੈ। ਇਹ ਖੁਰਕ ਉਤਨੀ ਦੇਰ ਤਕ ਰਵੇਗੀ ਜਦ ਤਕ ਤੁਸੀਂ ਮੁਰਦਾ ਕੇਸ ਜਾਂ ਰੋਮ ਨੂੰ ਸਰੀਰ ਤੋਂ ਅਲਗ ਨ ਕਰ ਦੇਵੋ।

ਇਸ ਲਈ ਸਿਖ ਜ਼ਿੰਦਾ ਕੇਸਾਂ,ਰੋਮਾਂ ਦੀ ਸੰਭਾਲ ਕਰਦਾ ਹੈ। ਮੁਰਦਾ (ਬੇਲੋੜੇ) ਕੇਸਾਂ ਰੋਮਾਂ ਦੀ ਨਹੀਂ।

ਹੁਣ ਨਾਖ਼ੁਨ (ਨਹੁੰ) ਵੀ ਰੱਬ ਨੇ ਉਸੀ ਤਰ੍ਹਾਂ ਬਾਹਰਮੁਖੀ ਕੇਸਾਂ ਤੇ ਰੋਮਾਂ ਵਾਂਗੂ ਚਮੜੀ ਤੇ ਪੈਦਾ ਕੀਤੇ ਹਨ। ਇਹ ਵੀ ਵਿਗਿਆਨ ਨੇ ਸਾਬਤ ਕੀਤਾ ਹੈ ਕਿ ਇਨ੍ਹਾਂ ਵਿਚ ਕੁਝ ਹਦ ਤਕ ਹੀ ਜਾਨ ਹੁੰਦੀ ਹੈ । ਮਤਲਬ ਚਮੜੀ ਤਕ ਹੀ ਨਾਖ਼ੁਨ ਵਿਚ ਜਾਨ ਹੁੰਦੀ ਹੈ। ਤੇ ਚਮੜੀ ਤੋਂ ਅਗੇ ਵਧ ਜਾਣ ਵਾਲੇ ਨਾਖ਼ੁਨ ਦਾ ਹਿੱਸਾ ਮਰ ਜਾਂਦਾ ਹੈ। ਇਸ ਲਈ ਜੋ ਨਾਖ਼ੁਨ ਦਾ ਹਿੱਸਾ ਮਰ ਜਾਂਦਾ ਹੈ, ਸਿਖ ਉਸਨੂੰ ਕਟ ਦੇਂਦੇ ਹਨ। ਪਰ ਜ਼ਿੰਦਾ ਨਾਖ਼ੁਨ ਨੂੰ ਕੋਈ ਨਹੀਂ ਕਟਦਾ, ਹਰ ਕੋਈ ਜਾਣਦਾ ਹੈ। ਭਲਾ ਜੇ ਕਿਸੇ ਕਾਰਨ ਜਿਥੋਂ ਤਕ ਜ਼ਿੰਦਾ ਨਾਖ਼ੁਨ ਹੈ, ਕਟਿਆ ਜਾਏ ਜਾਂ ਸਟ ਲਗ ਜਾਏ ਤਾਂ ਕਿਤਨਾ ਦਰਦ ਹੁੰਦਾ ਹੈ। ਇਸ ਤੋਂ ਸਾਬਤ ਹੋਇਆ ਕਿ ਸਿਖ ਅਤੇ ਹਰ ਕੋਈ ਮੁਰਦਾ ਨਾਖ਼ੁਨ ਹੀ ਕੱਟਦਾ ਹੈ।

ਇਸ ਲਈ ਸਿਖ ਹਰ ਉਸ ਚੀਜ਼ ਦੀ, ਜੋ ਰੱਬ ਨੇ ਸਰੀਰ ਨੂੰ ਦਿਤੀ ਅਤੇ ਜਦ ਤਕ ਉਸ ਵਿਚ ਜਾਨ ਹੈ, ਸੰਭਾਲ ਕਰਦਾ ਹੈ, ਪਰ ਮੁਰਦਾ ਹੋਣ ਤੇ ਸਰੀਰ ਤੋਂ ਅਲਗ ਕਰ ਦੇਂਦਾ ਹੈ। ਭਾਵੇਂ ਕੇਸ, ਰੋਮ ਜਾਂ ਨਾਖ਼ੁਨ ਹੋਣ।

['ਸਾਡਾ ਵਿਰਸਾ ਸਾਡਾ ਗੌਰਵ' ਅਗਸਤ ੮੨]

---

**ਜ਼ਰੂਰੀ ਬੇਨਤੀਆਂ**–(੧) ਬਾਰ ਬਾਰ ਬੇਨਤੀ ਕੀਤੀ ਜਾਂਦੀ ਹੈ ਕਿ ਆਪਣਾ **ਚਿੱਟ ਨੰਬਰ** ਚਿੱਠੀ ਪੱਤਰ ਸਮੇਂ ਅਤੇ ਮਨੀਆਰਡਰ ਭੇਜਣ ਸਮੇਂ ਜ਼ਰੂਰ ਲਿਖੋ। ਹਰ ਮਹੀਨੇ ਤੁਹਾਡੇ ਪਰਚੇ ਉਤੇ ਤੁਹਾਡੇ ਸਰਨਾਵੇਂ ਤੋਂ ਪਹਿਲਾਂ ਅਸੀਂ ਚਿੱਟ ਨੰਬਰ ਲਿਖ ਕੇ ਭੇਜਦੇ ਹਾਂ।

(੨) ਹਰੇਕ ਪਾਠਕ ਦਾ 'ਸੂਰਾ' ਹਰ ਮਹੀਨੇ ਪਹਿਲੀ ਤਰੀਕ ਨੂੰ ਚੈਕ ਕਰ ਕੇ ਡਾਕੇ ਪਾਇਆ ਜਾਂਦਾ ਹੈ। ਕਈ ਪਰਚੇ ਰਾਹ ਵਿਚ ਗੁੰਮ ਕੀਤੇ ਜਾਂਦੇ ਹਨ। ਪਰਚਾ ਨਾ ਮਿਲੇ ਤਾਂ ਉਸੇ ਮਹੀਨੇ ਦੇ ਅੱਧ ਪਿੱਛੋਂ ਸਾਨੂੰ ਕਾਰਡ ਪਾਓ, ਅਸੀਂ ਦੁਬਾਰਾ ਭੇਜ ਦੇਵਾਂਗੇ।

(੩) ਚੰਦੇ ਖ਼ਤਮ ਹੋਣ ਦੀ ਮੋਹਰ ਜਿਸ ਪਰਚੇ ਤੇ ਮਿਲੇ, ਓਦੋਂ ਹੀ ਚੰਦਾ ਮਨੀਆਰਡਰ ਕਰ ਦੇਵੋ ਜੀ। ਗੁਰਮਤਿ ਦੇ ਪਰਚਾਰ ਲਈ 'ਸੂਰਾ' ਦੇ ਵੱਧ ਤੋਂ ਵੱਧ ਨਵੇਂ ਮੈਂਬਰ ਬਣਾਓ ਜੀ।


www.AKJ.Org

# ਸਿਖ ਕੌਮ ਦਾ ਸ਼ਾਨਦਾਰ ਵਿਰਸਾ ਅਤੇ ਅਰੁਨ ਸ਼ੋਰੀ

ਕਿਸ਼ਤ ਦੂਜੀ

[ਵਲੋਂ—ਸ: ਦੇਵਿੰਦਰ ਸਿੰਘ ਜੀ ਦੁੱਗਲ, ਇਨਚਾਰਜ, ਸਿਖ ਇਤਿਹਾਸਕ ਰੀਸਰਚ ਬੋਰਡ, ਸ਼੍ਰੋ: ਗੁ: ਪ੍ਰ: ਕਮੇਟੀ]

**ਨੋਟ**–'ਇੰਡੀਅਨ ਐਕਸਪ੍ਰੈਸ' 13-14-15 ਮਈ 1982 ਵਿਚ ਅਰੁਨ ਸ਼ੋਰੀ ਵਲੋਂ ਸਿਖ ਕੌਮ ਤੇ ਲਾਏ ਹੋਏ ਅਣਹੋਏ ਤੇ ਅਯੋਗ ਦੂਸ਼ਨਾਂ ਦਾ ਉਤਰ ਦਿੰਦਿਆਂ ਲਖਕ ਨੇ ਪਹਿਲੀ ਕਿਸ਼ਤ ਵਿਚ ਅੰਕੜਿਆਂ ਸਹਿਤ ਪੂਰੇ ਹਵਾਲੇ ਦੇ ਕੇ ਦਸਿਆ ਕਿ ਭਾਰਤ ਦੀ ਆਜ਼ਾਦੀ ਵਿਚ ਸਭ ਤੋਂ ਵਧ ਕੁਰਬਾਨੀਆਂ ਜੇ ਕਿਸੇ ਦਿਤੀਆਂ ਹਨ ਤਾਂ ਉਹ ਕੇਵਲ ਸਿਖ ਕੌਮ ਹੀ ਹੈ।

ਪਹਿਲੀ ਕਿਸ਼ਤ 'ਸੂਰਾ' ਅਗਸਤ 1982 ਵਿਚ ਦਿਤੀ ਗਈ ਸੀ। ਹੁਣ ਹੇਠਾਂ ਦੂਜੀ ਕਿਸ਼ਤ ਪੜ੍ਹੋ।

ਪਰੰਤੂ ਉਪਰੋਕਤ ਅੰਕੜੇ ਉਸ ਮਹਾਨ ਗਾਥਾ ਦਾ ਕੇਵਲ ਇਕ ਹੀ ਭਾਗ ਹਨ, ਜੋ ਸਿੱਖ ਕੌਮ ਨੇ ਦੇਸ਼ ਦੀ ਆਜ਼ਾਦੀ ਲਈ ਆਪਣੇ ਖ਼ੂਨ ਪਸੀਨੇ ਨਾਲ ਲਿਖੀ। ਦੂਸਰਾ ਭਾਗ, ਜੋ ਉਹਨਾਂ ਤੇ ਠੋਸਿਆ ਗਿਆ, ਹੋਰ ਵੀ ਭਾਵ-ਪੂਰਤ ਅਤੇ ਹਿਰਦੇ-ਵੇਧਕ ਹੈ। ਇਸ ਭਾਗ ਵਿਚ ਤਕਰੀਬਨ ਅੱਧੀ ਤੋਂ ਵਧ ਸਿੱਖ ਕੌਮ ਨੂੰ ਆਪਣੇ ਸਾਕ ਸੰਬੰਧਾਂ, ਆਪਣੀਆਂ ਜੱਦੀ ਜਾਇਦਾਦਾਂ, ਘਰ ਘਾਟਾਂ ਅਤੇ ਆਪਣੇ ਖ਼ੂਨ-ਪਸੀਨੇ ਨਾਲ ਵਸਾਈਆਂ ਬਾਰਾਂ ਦਾ ਬਲੀਦਾਨ ਦੇਣਾ ਪਿਆ ਅਤੇ ਇਸ ਤੋਂ ਭੀ ਵਧ ਨਨਕਾਣਾ ਸਾਹਿਬ, ਪੰਜਾ ਸਾਹਿਬ ਅਤੇ ਡੇਹਰਾ ਸਾਹਿਬ ਸਮੇਤ ਆਪਣੀ ਜਿੰਦ-ਜਾਨ ਤੋਂ ਪਿਆਰੇ ੧੭੦ ਪਵਿੱਤਰ ਗੁਰਧਾਮਾਂ ਤੋਂ ਵਿਛੜਨਾ ਪਿਆ। ਇਸ ਪ੍ਰਸੰਗ ਵਿਚ ਪ੍ਰਸਿਧ ਅਖ਼ਬਾਰ "ਸਟੇਟਸਮੈਨ" ਦਾ ਐਡੀਟਰ ਆਪਣੇ ੩ ਜਨਵਰੀ ੧੯੪੮ ਦੇ ਅੰਕ ਵਿੱਚ ਲਿਖਦਾ ਹੈ :–

"ਸੁਤੰਤਰਤਾ ਸੰਗਰਾਮ ਵਿਚ ਇਸ ਮਹਾਂਦੀਪ ਵਿਚ ਸਭ ਤੋਂ ਵਧ ਮੁਸੀਬਤਾਂ ਦਾ ਸ਼ਿਕਾਰ ਸਿੱਖ ਕੌਮ ਨੂੰ ਹੋਣਾ ਪਿਆ। ਇਸ ਦਾ ਬਹੁਤ ਵੱਡਾ ਭਾਗ ਬਿਲਕੁਲ ਉਜੜ ਗਿਆ ਅਤੇ ਇਸ ਦੀ ਆਰਥਿਕਤਾ ਅਤੇ ਮਹਾਨ ਵਿਰਸੇ ਵਿਚ ਉਲੱਥ-ਪੁਲੱਥ ਆ ਗਿਆ। ਇਸ ਛੋਟੀ ਜਿਹੀ, ਮਗਰ ਮਹਾਨ ਕੌਮ ਦਾ ੪੦ ਫੀ ਸਦੀ ਭਾਗ ਕਿਸੇ ਨਾ ਕਿਸੇ ਸ਼ਕਲ ਵਿਚ ਉਜੜ-ਪੁਜੜ ਗਿਆ। ਇਸ ਨੂੰ ਆਪਣੀਆਂ ਲਹਿ-ਲਹਾਂਦੀਆਂ ਅਤੇ ਉਪਜਾਊ ਬਾਰਾਂ ਨੂੰ ਛੱਡ ਕੇ ਬੰਜਰ ਜ਼ਮੀਨ ਤੇ ਆਉਣਾ ਪਿਆ। ਜੋ ਹਰੀਆਂ ਭਰੀਆਂ ਬਾਰਾਂ ਸਿੱਖ ਕਿਸਾਨਾਂ ਨੇ ਆਪਣੇ ਲਹੂ ਪਸੀਨੇ ਨਾਲ ਵਸਾਈਆਂ ਸਨ, ਉਹਨਾਂ ਨੂੰ ਛੱਡ ਛਡਾ ਕੇ ਆਉਣਾ ਪਿਆ ਅਤੇ ਇਸੇ ਤਰ੍ਹਾਂ ਦਿਹਾਤੀ ਅਤੇ ਸ਼ਹਿਰੀ ਇਲਾਕੇ ਵਿਚ ਆਪਣੇ ਕੀਮਤੀ ਸਰਮਾਏ ਦੀ ਆਹੂਤੀ ਦੇਣੀ ਪਈ। ਇਸ ਤੋਂ ਇਲਾਵਾ ਕਈ ਪਰਮ ਪਵਿੱਤਰ ਸਿੱਖ ਗੁਰਦੁਆਰੇ ਵੀ ਸੀਮਾ ਦੇ ਉਸ ਪਾਰ ਰਹਿ ਗਏ।"

ਪ੍ਰਸਿੱਧ ਉਰਦੂ ਜਰਨਲਿਸਟ ਨਾਨਕ ਚੰਦ 'ਨਾਜ਼' ਇਸੇ ਪ੍ਰਸੰਗ ਵਿਚ ਆਪਣੇ ਦੈਨਿਕ ਅਖਬਾਰ 'ਪ੍ਰਭਾਤ' ਦੇ ੧੧ ਅਕਤੂਬਰ ੧੯੪੮ ਦੇ ਪਰਚੇ ਵਿੱਚ ਲਿਖਦਾ ਹੈ–

"ਸੱਚੇ ਦੇਸ਼ ਭਗਤ ਹੋਣ ਦੇ ਨਾਤੇ ਸਾਨੂੰ ਸਾਰਿਆਂ ਨੂੰ ਸਵੀਕਾਰ ਕਰਨਾ ਚਾਹੀਦਾ ਹੈ ਕਿ ਦੇਸ਼ ਦੇ ਬਟਵਾਰੇ ਸਮੇਂ ਹੋਏ ਨੁਕਸਾਨ ਦਾ ਬਹੁਤ ਵੱਡਾ ਹਿੱਸਾ ਸਿੱਖ ਕੌਮ ਨੂੰ ਹੀ ਬਰਦਾਸ਼ਤ ਕਰਨਾ ਪਿਆ ਹੈ।"

ਸੋਚਣ ਵਾਲੀ ਗੱਲ ਹੈ ਕਿ ਸਿੱਖ ਕੌਮ ਨੇ ਹਜ਼ਾਰਾਂ ਦੀ ਗਿਣਤੀ ਵਿਚ ਆਪਣੇ ਲੜਕੇ ਲੜਕੀਆਂ ਅਤੇ ਪਿਤਾ-ਪੁਰਖੀ ਜ਼ਮੀਨਾਂ ਜਾਇਦਾਦਾਂ ਦੀ ਕੁਰਬਾਨੀ ਅਤੇ ਇਸ ਤੋਂ ਇਲਾਵਾ ਆਪਣੀ ਜਿੰਦ ਜਾਨ ਤੋਂ ਵੀ ਵਧ ਪਿਆਰੇ ਨਨਕਾਣਾ ਸਾਹਿਬ ਸਮੇਤ ਕਈ ਪਰਮ ਪਵਿੱਤਰ ਗੁਰਧਾਮਾਂ ਤੋਂ ਵਿਛੋੜਾ ਇਸ ਲਈ ਤਾਂ ਨਹੀਂ ਸੀ ਖਿੜੇ ਮੱਥੇ ਸਹਾਰਿਆ ਕਿ ਇਕ ਦੀ ਗੁਲਾਮੀ 'ਚੋਂ ਨਿਕਲ ਕੇ ਦੂਜੇ ਦੀ ਗੁਲਾਮੀ ਵਿਚ ਫਸ ਜਾਵੇ ਯਾ ਆਪਣੀ



www.AKJ.Org

ਗਰਦਨ ਕਿਸੇ ਹੋਰ ਸ਼ਕੰਜੇ ਵਿਚ ਫਸਾ ਲਵੇ। ਇਹ ਮਹਾਨ ਕੁਰਬਾਨੀਆਂ ਉਸ ਨੇ ਇਸ ਵਿਸ਼ਵਾਸ ਤੇ ਹੀ ਕੀਤੀਆਂ ਸਨ ਕਿ ਉਸ ਨੂੰ ਆਜ਼ਾਦ ਹਿੰਦੁਸਤਾਨ ਵਿਚ ਸਮਾਨਤਾ ਅਤੇ ਸਵੈ-ਸਤਿਕਾਰ ਤੇ ਅਧਾਰਤ ਇਕ ਗੌਰਵ-ਮਈ ਸਥਾਨ ਪ੍ਰਾਪਤ ਹੋ ਸਕੇਗਾ। ਸਿੱਖ ਕੌਮ ਦੀਆਂ ਅਜਿਹੀਆਂ ਆਸਾਂ ਦਾ ਆਧਾਰ ਉਹ ਪੱਕੇ ਵਾਹਿਦੇ ਅਤੇ ਕਸਮਾਂ ਸਨ, ਜੋ ਇਸ ਨਾਲ ਸ੍ਰੀ ਗਾਂਧੀ ਤੇ ਸ੍ਰੀ ਨਹਿਰੂ ਵਰਗੇ ਹਿੰਦੂ ਲੀਡਰ ਸਮੇਂ ਸਮੇਂ ਕਰਦੇ ਆਏ ਸਨ। ਇਹ ਭਰੋਸੇ ਕੇਵਲ ਜ਼ਬਾਨੀ ਹੀ ਨਹੀਂ ਸਨ, ਸਗੋਂ ਲਿਖਤੀ ਰੂਪ ਵਿਚ ਵੀ ਕਾਂਗਰਸ ਪਾਰਟੀ ਦੇ ਰੈਜ਼ੂਲੇਸ਼ਨਾਂ ਦੀ ਸ਼ਕਲ ਵਿਚ ਥਾਂ ਥਾਂ ਉਲੀਕੇ ਹੋਏ ਹਨ। ਅਜਿਹਾ ਇਕ ਮਤਾ ੧੯੨੯ ਵਿਚ ਕਾਂਗਰਸ ਦੇ ਲਾਹੌਰ ਵਿਖੇ ਸਮਾਗਮ ਵਿਚ ਵੀ ਪਾਸ ਕੀਤਾ ਗਿਆ ਸੀ, ਜੋ ਇਸ ਪਰਕਾਰ ਹੈ–

"ਕਾਂਗਰਸ ਪਾਰਟੀ ਸਿੱਖ ਕੌਮ ਨੂੰ ਪੱਕਾ ਭਰੋਸਾ ਦਿਵਾਂਦੀ ਹੈ ਕਿ ਆਜ਼ਾਦ ਭਾਰਤ ਦਾ ਕੋਈ ਵੀ ਸੰਵਿਧਾਨ ਐਸਾ ਨਹੀਂ ਬਣਾਇਆ ਜਾਏਗਾ ਜੋ ਇਸ ਨੂੰ ਪਰਵਾਨ ਨਹੀਂ ਹੋਏਗਾ।"

ਇਥੇ ਇਹ ਗੱਲ ਵੀ ਵਿਸ਼ੇਸ਼ ਤੌਰ ਤੇ ਵਰਨਣ ਯੋਗ ਹੈ ਕਿ ਇਸੇ ਕਾਂਗਰਸ ਸਮਾਗਮ ਵਿਚ ਬਾਬਾ ਖੜਕ ਸਿੰਘ ਦੇ ਕਹਿਣ ਤੇ ਕਾਂਗਰਸੀ ਲੀਡਰ ਆਪਣੇ ਕੌਮੀ ਝੰਡੇ ਵਿਚ ਸਿੱਖ ਕੌਮ ਦਾ ਕੇਸਰੀ ਰਗ ਵੀ ਸ਼ਾਮਲ ਕਰਨ ਤੇ ਸਹਿਮਤ ਹੋਏ ਸਨ।

ਕਾਂਗਰਸ ਵਲੋਂ ਇਹੋ ਜਿਹੇ ਕਤੱਈ ਅਤੇ ਪੱਕੇ ਭਰੋਸੇ ਸਿੱਖ ਕੌਮ ਨੂੰ ਦੇਸ਼ ਦੇ ਬਟਵਾਰੇ ਅਤੇ ਉਸ ਤੋਂ ਵੀ ਥੋੜ੍ਹਾ ਕੁ ਸਮਾਂ ਬਾਅਦ ਤਕ ਸਮੇਂ ਸਮੇਂ ਦਿਤੇ ਜਾਂਦੇ ਰਹੇ ਹਨ। ਇਸੇ ਸੰਬੰਧ ਵਿਚ ਪਾਠਕਾਂ ਦਾ ਧਿਆਨ ੧੯੪੭.ਤੋਂ ਪਹਿਲਾਂ ਗੁਰਦੁਆਰਾ ਸੀਸ ਗੰਜ ਦਿੱਲੀ ਵਿਚ ਸਜੇ ਇਕ ਦੀਵਾਨ ਵਲ ਵੀ ਦਿਵਾਇਆ ਜਾਂਦਾ ਹੈ, ਜਿਸ ਵਿੱਚ ਸ੍ਰੀ ਮੋਹਨ ਦਾਸ, ਕਰਮ ਚੰਦ ਗਾਂਧੀ ਵੀ ਮੌਜੂਦ ਸੀ। ਉਸ ਦੀਵਾਨ ਵਿਚ ਇਕ ਸਿੰਘ, ਸ: ਮਧੂਸੂਦਨ ਸਿੰਘ ਨੇ ਕਾਂਗਰਸ ਵਲੋਂ ਸਿੱਖ ਕੌਮ ਨੂੰ ਦਿਤੇ ਜਾ ਰਹੇ ਭਰੋਸਿਆਂ ਬਾਰੇ ਆਪਣੇ ਤੌਖਲਿਆਂ ਦਾ ਪ੍ਰਗਟਾਵਾ ਕਰਦੇ ਹੋਏ ਗਾਂਧੀ ਜੀ ਨੂੰ ਕਿਹਾ ਸੀ ਕਿ ਕਾਂਗਰਸ-ਰਾਜ-ਸਤਾ ਵਿਚ ਆਉਣ ਤੋਂ ਬਾਅਦ ਆਪਣੇ ਵਚਨਾਂ ਅਤੇ ਵਾਹਦਿਆਂ ਤੋਂ ਮੁਨਕਰ ਵੀ ਤਾਂ ਹੋ ਸਕਦੀ ਹੈ। ਉਸ ਸਮੇਂ ਗਾਂਧੀ ਜੀ ਨੇ ਸਿੱਖ ਕੌਮ ਦੇ ਅਜਿਹੇ ਸ਼ੰਕਿਆਂ ਨੂੰ ਸ਼ਾਂਤ ਕਰਨ ਹਿਤ ਸਿੱਖ ਸੰਗਤਾਂ ਨੂੰ ਸੰਬੋਧਨ ਕਰਦੇ ਹੋਏ ਕਿਹਾ ਸੀ–

"ਮੈਂ ਬੇਨਤੀ ਕਰਦਾ ਹਾਂ ਕਿ ਤੁਸੀਂ ਮੇਰੇ ਵਚਨਾਂ ਅਤੇ ਕਾਂਗਰਸ ਵਲੋਂ ਪਾਸ ਕੀਤੇ ਗਏ ਮਤਿਆਂ ਤੇ ਯਕੀਨ ਰੱਖੋ। ਤੁਹਾਡੀ ਸਮੁੱਚੀ ਕੌਮ ਨੂੰ ਧੋਖਾ ਦੇਣਾ ਤਾਂ ਇਕ ਪਾਸੇ ਰਿਹਾ,ਅਸੀਂ ਕਿਸੇ ਇਕ ਵਿਅਕਤੀ ਨਾਲ ਵੀ ਐਸਾ ਨਹੀਂ ਕਰ ਸਕਦੇ। ਜਦ ਕਦੀ ਕਾਂਗਰਸ ਨੇ ਅਜਿਹਾ ਕਰਨ ਦੀ ਕੋਸ਼ਿਸ਼ ਕੀਤੀ ਤਾਂ ਉਹ ਆਪਣੀ ਬਰਬਾਦੀ ਨੂੰ ਆਪ ਸੱਦਾ ਦੇਵੇਗੀ। ਮੇਰੀ ਤੁਹਾਡੇ ਅੱਗੇ ਨਿਮਰਤਾ ਸਹਿਤ ਬੇਨਤੀ ਹੈ ਕਿ ਤੁਸੀਂ ਆਪਣੇ ਹਿਰਦਿਆਂ ਵਿਚੋਂ ਇਹੋ ਜਿਹੇ ਤੱਥ ਅਤੇ ਤੌਖਲੇ ਬਿਲਕੁਲ ਕੱਢ ਦਿਓ। ਮੈਂ ਪਰਮਾਤਮਾ ਨੂੰ ਹਾਜ਼ਰ ਨਾਜ਼ਰ ਜਾਣ ਕੇ ਕਹਿੰਦਾ ਹਾਂ ਕਿ ਜੋ ਜੋ ਵਾਹਿਦੇ ਮੇਰੇ ਵਲੋਂ ਅਤੇ ਕਾਂਗਰਸ ਵਲੋਂ ਤੁਹਾਡੀ ਕੌਮ ਨਾਲ ਕੀਤੇ ਗਏ ਹਨ, ਉਨ੍ਹਾਂ ਨੂੰ ਅਸੀਂ ਹਰ ਕੀਮਤ ਤੇ ਨਿਭਾਵਾਂਗੇ। ਮੇਰੇ ਵਿਚਾਰ ਵਿਚ ਕਾਗਰਸ ਦਾ ਅਹਿੰਸਾ ਵਿਚ ਵਿਸ਼ਵਾਸ ਉਸ ਵਲੋਂ ਦਿਤੇ ਵਚਨਾਂ ਦੀ ਸਭ ਤੋਂ ਵੱਡੀ ਅਤੇ ਪੱਕੀ ਗਰੰਟੀ ਹੈ। ਇਸ ਲਈ ਸਾਡੇ ਸਿੱਖ ਭਰਾਵਾਂ ਨੂੰ ਇਹ ਸੋਚਣਾ ਤਕ ਵੀ ਨਹੀਂ ਚਾਹੀਦਾ ਕਿ ਉਹਨਾਂ ਨਾਲ ਕਦੇ ਕੋਈ ਧੋਖਾ ਯਾ ਫ਼ਰੇਬ ਕੀਤਾ ਜਾ ਸਕਦਾ ਹੈ, ਕਿਉਂਕਿ ਜਦ ਕਦੇ ਵੀ ਕਾਂਗਰਸ ਨੇ ਐਸਾ ਕਰਨ ਦੀ ਕੋਸ਼ਿਸ਼ ਕੀਤੀ, ਉਹ ਆਪਣੀ ਅਤੇ ਆਪਣੇ ਦੇਸ਼ ਦੀ ਬਰਬਾਦੀ ਦਾ ਕਾਰਨ ਆਪ ਬਣੇਗੀ। ਇਸ ਦੇ ਇਲਾਵਾ ਸਿੱਖ ਇਕ ਬਹਾਦਰ ਕੌਮ ਹੈ ਅਤੇ ਉਹ ਆਪਣੇ ਹੱਕਾਂ ਦੀ ਰਾਖੀ ਉਨ੍ਹਾਂ ਹਥਿਆਰਾਂ ਨਾਲ ਕਰਨੀ ਜਾਣਦੀ ਹੈ, ਜੋ ਉਸ ਦੀ ਰਹਿਤ ਮਰਯਾਦਾ ਦਾ ਹਿੱਸਾ ਹਨ।"

ਇਸੇ ਹੀ ਪ੍ਰਸੰਗ ਵਿਚ ਜੁਲਾਈ ੧੯੪੬ ਵਿਚ ਕਲਕਤੇ ਵਿਖੇ ਹੋ ਰਹੀ ਆਲ ਇੰਡੀਆ ਕਾਂਗਰਸ



www.AKJ.Org

ਕਮੇਟੀ ਦੀ ਮੀਟਿੰਗ ਦੇ ਮੌਕੇ ਤੇ ਇਕ ਪ੍ਰੈਸ ਕਾਨਫ਼ਰੰਸ ਨੂੰ ਸੰਬੋਧਨ ਕਰਦਿਆਂ ਪੰਡਿਤ ਨਹਿਰੂ ਨੇ ਵੀ ਕਿਹਾ ਸੀ–

"ਪੰਜਾਬ ਦੀ ਬਹਾਦਰ ਸਿੱਖ ਕੌਮ ਵਿਸ਼ੇਸ਼ ਮਹਾਨਤਾ ਦੀ ਧਾਰਨੀ ਹੈ। ਮੇਰੇ ਵਿਚਾਰ ਵਿਚ ਸਾਨੂੰ ਕਿਸੇ ਨੂੰ ਵੀ ਇਸ ਸੰਬੰਧ ਵਿਚ ਕੋਈ ਆਪੱਤੀ ਨਹੀਂ ਹੋਣੀ ਚਾਹੀਦੀ ਕਿ ਉੱਤਰ ਪੱਛਮ ਭਾਰਤ ਵਿਚ ਇਕ ਅਜਿਹਾ ਇਲਾਕਾ ਅਤੇ ਇੰਤਜ਼ਾਮ ਸਿੱਖ ਕੌਮ ਲਈ ਰਾਖਵਾਂ ਰਖਿਆ ਜਾਵੇ, ਜਿਸ ਦੁਆਰਾ ਇਹ ਵੀ ਆਜ਼ਾਦੀ ਦਾ ਆਨੰਦ ਮਾਣ ਸਕੇ।"

ਇਸੇ ਹੀ ਸੰਬੰਧ ਵਿਚ ਪਾਠਕਾਂ ਦਾ ਧਿਆਨ ਕਾਂਗਰਸ ਕਮੇਟੀ ਦੇ ਇਸ ਮਤੇ ਵਲ ਦਿਵਾਣਾ ਵੀ ਉਚਿਤ ਹੀ ਹੋਵੇਗਾ, ਜੋ ਇਸ ਨੇ ਆਪਣੀ ੫ ਜਨਵਰੀ ੧੯੪੭ ਦੀ ਮੀਟਿੰਗ ਵਿਚ ਪਾਸ ਕੀਤਾ ਸੀ–

"ਬਰਤਾਨਵੀ ਕਾਬੀਨਾ ਦੀ ੧੬ ਮਈ ੧੯੪੬ ਦੀ ਸਕੀਮ ਅਤੇ ਵਿਸ਼ੇਸ਼ ਕਰਕੇ ਇਸ ਦੇ ਜੋ ਅਰਥ ਬ੍ਰਿਟਿਸ਼ ਸਰਕਾਰ ਨੇ ਆਪਣੇ ੧੬ ਦਸੰਬਰ ੧੯੪੬ ਦੇ ਬਿਆਨ ਵਿਚ ਕੱਢ ਹਨ, ਉਨ੍ਹਾਂ ਦੁਆਰਾ ਆਸਾਮ ਉਤਰ-ਪੱਛਮੀ ਸੀਮਾ ਪ੍ਰਾਂਤ ਅਤੇ ਪੰਜਾਬ ਦੀ ਸਿੱਖ ਕੌਮ ਨੂੰ ਜਿਨ੍ਹਾਂ ਵੀ ਕਠਨਾਈਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ, ਆਲ ਇੰਡੀਆ ਕਾਂਗਰਸ ਕਮੇਟੀ ਉਨ੍ਹਾਂ ਨੂੰ ਚੰਗੀ ਤਰ੍ਹਾਂ ਜਾਣਦੀ ਹੋਈ, ਇਸ ਸਕੀਮ ਦਾ ਕਦਾਚਿਤ ਸਮਰਥਨ ਨਹੀਂ ਕਰ ਸਕਦੀ, ਕਿਉਂਕਿ ਉਹ ਕਿਸੇ ਵੀ ਫੈਸਲੇ ਨੂੰ ਸੰਬੰਧਤ ਲੋਕਾਂ ਦੀ ਮਰਜ਼ੀ ਦੇ ਵਿਰੁਧ, ਉਹਨਾਂ ਤੇ ਠੋਸਣ ਦੇ ਵਿਰੁਧ ਹੈ। ਪੰਜਾਬ ਵਿਚ ਸਿੱਖ ਕੌਮ ਦੇ ਵਿਸ਼ੇਸ਼ ਅਧਿਕਾਰਾਂ ਨੂੰ ਤਾਂ ਕਦੇ ਵੀ ਅੱਖੋਂ ਉਹਲੇ ਕੀਤਾ ਨਹੀਂ ਜਾ ਸਕਦਾ।"

ਇਹਨਾਂ ਹੀ ਕੌਲਾਂ ਕਰਾਰਾਂ ਦੀ ਪੁਸ਼ਟੀ ਕਰਦਿਆਂ ਕਾਂਗਰਸ ਵਰਕਿੰਗ ਕਮੇਟੀ ਨੇ ਮਾਰਚ ੧੯੪੭ ਵਿਚ ਇਕ ਹੋਰ ਮਤਾ ਪਾਸ ਕੀਤਾ ਸੀ, ਜਿਸ ਵਿਚ ਸੰਵਿਧਾਨਕ ਅਸੈਂਬਲੀ ਦੇ ਉਦੇਸ਼ਾਂ ਦਾ ਵਰਨਣ ਕਰਦੇ ਹੋਏ ਇਸ ਸਿਧਾਂਤ ਦੀ ਵਿਸ਼ੇਸ਼ ਤੌਰ ਤੇ ਪੁਸ਼ਟੀ ਕੀਤੀ ਗਈ ਕਿ ਕੋਈ ਵੀ ਵਿਧਾਨ ਘਟ-ਗਿਣਤੀ ਕੌਮਾਂ ਤੇ ਉਹਨਾਂ ਦੀ ਮਰਜ਼ੀ ਦੇ ਵਿਰੁਧ ਠੋਸਿਆ ਨਹੀਂ ਜਾਵੇਗਾ।

ਇਸ ਸੰਬੰਧ ਵਿਚ ਇਥੇ ਹੀ ਇਹ ਦੱਸ ਦੇਣਾ ਵੀ ਉਚਿਤ ਹੋਵੇਗਾ ਕਿ ਭਾਰਤ ਦੇ ਸੰਵਿਧਾਨ ਨੂੰ ਕਿਸੇ ਵੀ ਸਿਖ ਪ੍ਰਤੀਨਿਧ ਨੇ ਅੱਜ ਤਕ ਇਸ ਲਈ ਮਾਨਤਾ ਨਹੀਂ ਦਿੱਤੀ, ਕਿਉਂਕਿ ਇਸ ਨੂੰ ਤਿਆਰ ਕਰਨ ਸਮੇਂ ਇਸ ਦੇ ਨਿਰਮਾਤਾਵਾਂ ਵਲੋਂ ਸਿੱਖ ਕੌਮ ਨਾਲ ਕੀਤੇ ਗਏ ਵਚਨਾਂ ਅਤੇ ਵਾਹਦਿਆਂ ਨੂੰ ਛਿੱਕੇ ਟੰਗ ਕੇ ਸਿੱਖ ਕੌਮ ਨਾਲ ਪੂਰੀ ਹਠ-ਧਰਮੀ ਅਤੇ ਲਜਾ-ਰਹਿਤ ਤਰੀਕੇ ਨਾਲ ਧਰੋਹ ਕਮਾਇਆ ਗਿਆ। ਇਸੇ ਕਾਰਨ ਉਸ ਸਮੇਂ ਸੰਵਿਧਾਨਕ ਅਸੈਂਬਲੀ ਦੇ ਦੋ ਸਿੱਖ ਮੈਂਬਰਾਂ ਨੇ ਭਾਰਤੀ ਸੰਵਿਧਾਨ ਦੇ ਖਰੜੇ ਤੇ ਆਪਣੇ ਦਸਖ਼ਤ ਕਰਨ ਤੋਂ ਸਾਫ਼ ਇਨਕਾਰ ਕਰ ਦਿਤਾ ਸੀ।

ਸਿੱਖ ਕੌਮ ਨਾਲ ਕੀਤੀ ਗਈ ਗ਼ਦਾਰੀ ਨੂੰ ਸਮਝਣ ਹਿਤ ਪਾਠਕਾਂ ਦਾ ਧਿਆਨ ਉਸ ਮਤੇ ਵੱਲ ਵੀ ਦਿਵਾਇਆ ਜਾਂਦਾ ਹੈ, ਜੋ ਜਵਾਹਰ ਲਾਲ ਨਹਿਰੂ ਨੇ ੯ ਦਸੰਬਰ ੧੯੪੬ ਨੂੰ ਸੰਵਿਧਾਨਕ ਅਸੈਂਬਲੀ ਦੇ ਪਹਿਲੇ ਇਜਲਾਸ ਵਿਚ ਪੇਸ਼ ਕੀਤਾ ਸੀ ਅਤੇ ਜਿਸ ਦੁਆਰਾ ਇਹ ਅਸੂਲ ਸਵੀਕਾਰ ਕੀਤਾ ਗਿਆ ਸੀ ਕਿ–

"ਕੁਝ ਕੁ ਵਿਭਾਗਾਂ ਨੂੰ ਛੱਡ ਕੇ ਦੇਸ਼ ਦੇ ਸਾਰੇ ਪ੍ਰਾਂਤ ਆਪੋ ਆਪਣੇ ਖੇਤਰ ਵਿਚ ਮੁਕੰਮਲ ਤੌਰ ਤੇ ਖ਼ੁਦ-ਮੁਖ਼ਤਾਰ ਹੋਣਗੇ।"

ਇਹ ਪਹਿਲਾ ਮਤਾ ਸੀ ਜੋ ਭਾਰਤ ਦੇ ਪਹਿਲੇ ਪ੍ਰਧਾਨ ਮੰਤਰੀ ਨੇ ਸੰਵਿਧਾਨ ਸਭਾ ਦੀ ਪਹਿਲੀ ਮੀਟਿੰਗ ਵਿਚ ਪੇਸ਼ ਕੀਤਾ ਸੀ ਅਤੇ ਜਿਸ ਦੀ ਪ੍ਰਧਾਨਗੀ ਬਾਬੂ ਰਾਜਿੰਦਰ ਪ੍ਰਸ਼ਾਦ ਕਰ ਰਹੇ ਸਨ। ਇਹ ਮਤਾ ਵਿਸ਼ੇਸ਼ ਮਹੱਤਤਾ ਦਾ ਧਾਰਨੀ ਹੈ, ਕਿਉਂਕਿ ਇਸ ਵਿਚ ਭਾਰਤ ਦੀਆਂ ਘਟ-ਗਿਣਤੀ ਕੌਮਾਂ ਨਾਲ ਕੀਤੇ ਗਏ ਉਹ ਵਚਨ ਅੰਕਤ ਹਨ, ਜਿਨ੍ਹਾਂ ਦੁਆਰਾ ਉਹਨਾਂ ਨੂੰ ਉਹਨਾਂ ਦੇ ਵਿਸ਼ੇਸ਼ ਹਿਤਾਂ ਦੀ ਸੰਵਿਧਾਨਕ ਰਾਖੀ ਦਾ ਭਰੋਸਾ ਦਿਵਾਇਆ ਗਿਆ ਸੀ। ਹੋਰ ਗੱਲਾਂ ਤੋਂ ਇਲਾਵਾ ਇਸ ਮਤੇ ਵਿਚ ਇਹ ਵੀ ਕਿਹਾ ਗਿਆ ਸੀ ਕਿ–



www.AKJ.Org

"ਭਾਰਤ ਦੀ ਘੱਟ ਗਿਣਤੀ ਦੇ ਹਿੱਤਾਂ ਦੀ ਰਾਖੀ ਹਿਤ ਮੁਲਕ ਦੇ ਸੰਵਿਧਾਨ ਵਿਚ ਵਿਸ਼ੇਸ਼ ਪ੍ਰਬੰਧ ਕੀਤੇ ਜਾਣਗੇ ।.. ਇਹ ਇਕ ਐਲਾਨ ਜਾਂ ਇਕਰਾਰ ਹੀ ਨਹੀਂ, ਸਗੋਂ ਸਾਰੀ ਦੁਨੀਆ ਦੇ ਰੂ-ਬਰੂ ਇਕ ਪਵਿੱਤਰ ਸੁਗੰਧ ਹੈ, ਜਿਸ ਦੀ ਪਾਲਣਾ ਕਰਨਾ ਸਾਡਾ ਪਰਮ ਧਰਮ ਹੈ ।"

ਜੋ ਲੋਕ ਦੂਜੀਆਂ ਕੌਮਾਂ ਦੇ ਮੁਕਾਬਲੇ ਆਪਣੇ ਕਥਿਤ ਉਚੇਰੇ ਅਤੇ ਵਧੇਰੇ ਸੁਚੇ ਕਿਰਦਾਰ ਦੀਆਂ ਡੀਂਗਾਂ ਮਾਰਦੇ ਥੱਕਦੇ ਨਹੀਂ, ਉਹਨਾਂ ਵਲੋਂ ਸਿੱਖ ਕੌਮ ਨਾਲ ਕੀਤੇ ਗਏ ਵਿਸਾਹ-ਘਾਤ ਨੂੰ ਸਹੀ ਰੂਪ ਵਿਚ ਵੇਖਣ ਅਤੇ ਵਾਚਣ ਵਾਸਤੇ ਭਾਰਤ ਦੇ ਪਹਿਲੇ ਪ੍ਰਧਾਨ ਮੰਤਰੀ ਸ੍ਰੀ ਨਹਿਰੂ ਵਲੋਂ ਘਟ-ਗਿਣਤੀਆਂ, ਵਿਸ਼ੇਸ਼ ਕਰ ਸਿੱਖ ਕੌਮ ਨੂੰ ਸਾਰੀ ਦੁਨੀਆਂ ਦੇ ਰੂ-ਬਰੂ ਦਿਤੇ ਗਏ ਉਪਰੋਕਤ ਵਚਨਾਂ ਨੂੰ ਅਜਿਹੇ ਕਰਾਰਾਂ ਨਾਲ ਜੋੜ ਕੇ ਪੜ੍ਹਨ ਦੀ ਜ਼ਰੂਰਤ ਹੈ, ਜੋ ਇਸ ਤੋਂ ਪਹਿਲਾਂ ੧੦ ਮਾਰਚ ੧੯੩੧ ਨੂੰ ਇਸੇ ਕੌਮ ਨਾਲ ਗੁਰਦੁਆਰਾ ਸੀਸ ਗੰਜ ਵਿਖੇ ਪ੍ਰਮਾਤਮਾ ਦੇ ਰੂ-ਬਰੂ ਉਸ ਮਿਸਟਰ ਗਾਂਧੀ ਨੇ ਕੀਤੇ ਸਨ, ਜਿਸ ਨੂੰ ਕੁਝ ਕੁ ਲੋਕ ਸੰਤ, ਕੁਝ ਮਹਾਤਮਾ ਅਤੇ ਕਈ ਅਵਤਾਰ ਵੀ ਕਹਿੰਦੇ ਹਨ ।

ਸਿੱਖ ਕੌਮ ਦੀ ਅਜੋਕੀ ਦੁਰਦਸ਼ਾ (ਜਿਸ ਦਾ ਮੂਲ ਕਾਰਨ ਇਹ ਵਿਸਾਹ-ਘਾਤ ਅਤੇ ਧੋਖਾ ਹੈ, ਜੋ ਇਸ ਨਾਲ ਅਜਿਹੀਆਂ ਸੁਗੰਧਾਂ ਅਤੇ ਇਕਰਾਰਾਂ ਦੁਆਰਾ ਕੀਤਾ ਗਿਆ) ਦਾ ਵਰਨਣ ਕਰਦਿਆਂ ਭਾਈ ਸਾਹਿਬ ਸਿਰਦਾਰ ਕਪੂਰ ਸਿੰਘ ਨੇ ਭਾਰਤੀ ਪਾਰਲੀਮੈਂਟ ਵਿਚ ਕਿਹਾ ਸੀ ਕਿ :

"ਜੋ ਲੋਕ ਰੱਬ ਦੇ ਭਉ ਅਤੇ ਗੁਰੂ ਦੇ ਭੈ ਤੋਂ ਆਜ਼ਾਦ ਹੋ ਕੇ ਝੂਠੀਆਂ ਸਹੁੰਆਂ ਅਤੇ ਸੁਗੰਧਾਂ ਰਾਜਸੀ ਪੱਧਰ ਉਤੇ ਚੁਕਦੇ ਹਨ, ਜਿਨ੍ਹਾਂ ਦੇ ਮਨਾਂ ਵਿਚ ਸ਼ਰਮ ਨਾਂ ਦੀ ਕੋਈ ਚੀਜ਼ ਨਹੀਂ ਰਹਿ ਗਈ, ਜਿਨ੍ਹਾਂ ਦੀ ਆਤਮਾ ਵਿਚ ਧਰਮ ਦਾ ਅਭਾਵ ਹੋ ਚੁਕਾ ਹੈ, ਜਿਨ੍ਹਾਂ ਨੂੰ ਕੋਈ ਉਨ੍ਹਾਂ ਪਾਪਾਂ ਦਾ ਦੰਡ ਦੇਣ ਵਾਲਾ ਨਜ਼ਰ ਨਹੀਂ ਆਉਂਦਾ, ਉਹਨਾਂ ਵਲੋਂ ਵਿਸਾਹ-ਘਾਤ ਦਾ ਸ਼ਿਕਾਰ ਹੋਏ ਸਿਵਾਏ ਅਕਾਲ ਪੁਰਖ ਦੇ ਦਰਬਾਰ ਵਿਚ ਅਰਦਾਸ ਕਰਨ ਦੇ, ਹੋਰ ਕਰ ਵੀ ਕੀ ਸਕਦੇ ਹਨ ? ਇਸੇ ਲਈ ਸਿੱਖ ਇਸ ਸਮੇਂ ਅਕਾਲ ਪੁਰਖ ਕੋਲ ਆਪਣੀਆਂ ਦੁਖ ਤਕਲੀਫਾਂ ਦੀ ਨਵਿਰਤੀ ਲਈ ਅਰਦਾਸ ਹੀ ਕਰ ਰਹੇ ਹਨ।"

ਇਸ ਪ੍ਰਸੰਗ ਵਿਚ ਜੁਲਾਈ ੧੯੪੭ ਵਿਚ ਅਣਵੰਡੇ ਪੰਜਾਬ ਦੀ ਲੈਜਿਸਲੇਟਿਵ ਅਸੈਂਬਲੀ ਦੇ ਹਿੰਦੂ ਅਤੇ ਸਿੱਖ ਮੈਂਬਰਾਂ ਦੀ ਇਕ ਬੈਠਕ ਦਿੱਲੀ ਵਿਖੇ ਹੋਈ, ਜਿਸ ਵਿਚ ਸਰਬ ਸੰਮਤੀ ਨਾਲ ਪਾਸ ਕੀਤੇ ਗਏ ਹੇਠ ਦਿਤੇ ਮਤੇ ਦਾ ਜ਼ਿਕਰ ਕਰਨਾ ਵੀ ਲਾਭਦਾਇਕ ਹੋਵੇਗਾ। ਇਸ ਦੁਆਰਾ ਸਵੀਕਾਰ ਕੀਤਾ ਗਿਆ ਸੀ ਕਿ :

"ਹਿੰਦੁਸਤਾਨ ਦੀ ਵੰਡ ਤੋਂ ਪਿਛੋਂ ਪੰਜਾਬ ਦਾ ਜੋ ਭਾਗ ਭਾਰਤ ਵਿਚ ਰਹਿ ਜਾਵੇਗਾ, ਉਸ ਵਿਚ ਅਤਿ ਜ਼ਰੂਰੀ ਹੈ ਕਿ ਸਿੱਖਾਂ ਦੇ ਵਿਸ਼ੇਸ਼ ਰਾਜਸੀ ਅਧਿਕਾਰਾਂ ਨੂੰ ਸੁਰੱਖਿਅਤ ਕਰਨ ਦੇ ਪੂਰੇ ਪ੍ਰਬੰਧ ਕੀਤੇ ਜਾਣ ।"

ਇਸ ਹਕੀਕਤ ਦੀ ਰੋਸ਼ਨੀ ਵਿਚ ਕਿ ਜਿਨ੍ਹਾਂ ਹਿੰਦੂ ਮੈਂਬਰਾਂ ਨੇ ਉਪਰੋਕਤ ਮਤਾ ਪਾਸ ਕਰਾਉਣ ਸਮੇਂ ਸਿੱਖ ਮੈਂਬਰਾਂ ਦਾ ਸਾਥ ਦਿੱਤਾ ਸੀ, ਉਨ੍ਹਾਂ ਨੇ ਹੀ ਥੋੜ੍ਹੇ ਜਿਹੇ ਸਮੇਂ ਬਾਅਦ, ਆਜ਼ਾਦੀ ਮਿਲਣ ਉਪਰੰਤ, ਸਿੱਖ ਕੌਮ ਨੂੰ ਕੋਈ ਰੂ ਰਿਆਇਤ ਦੇਣੀ ਤਾਂ ਇਕ ਪਾਸੇ ਰਹੀ, ਉਨ੍ਹਾਂ ਨੂੰ ਉਨ੍ਹਾਂ ਦੇ ਜਾਇਜ਼ ਹੱਕਾਂ ਤੋਂ ਵੰਚਤ ਰੱਖਣ ਲਈ ਅਡੀ ਚੋਟੀ ਦਾ ਜ਼ੋਰ ਲਾਉਣਾ ਸ਼ੁਰੂ ਕਰ ਦਿਤਾ। ਇਸ ਬਾਰੇ ਸ਼ੱਕ ਸ਼ੁਬ੍ਹੇ ਦੀ ਰਤਾ ਜਿੰਨੀ ਵੀ ਗੁੰਜਾਇਸ਼ ਬਾਕੀ ਨਹੀਂ ਰਹਿਣੀ ਚਾਹੀਦੀ ਕਿ ਹਿੰਦੂਲੀਡਰ ਸਿੱਖ ਕੌਮ ਨੂੰ ਕੇਵਲ ਮੂਰਖ ਹੀ ਬਣਾ ਰਹੇ ਸਨ ਅਤੇ ਅੰਗਰੇਜ਼ਾਂ ਦੇ ਚਲੇ ਜਾਣ ਤੋਂ ਬਾਅਦ ਉਸ ਵੇਲੇ ਦੀ ਤਾੜ ਵਿਚ ਸਨ, ਜਦੋਂ ਉਹ ਸਿੱਖ ਕੌਮ ਨੂੰ ਠੁੱਠ ਵਿਖਾ ਸਕਣ।

ਇਸ ਦੇ ਵਿਪਰੀਤ ਸਿੱਖ, ਜਿਨ੍ਹਾਂ ਨੇ ਕਦੇ ਕਿਸੇ ਨਾਲ ਧੋਖਾ ਅਤੇ ਦਗ਼ਾ ਕਮਾਣ ਦਾ ਵਲ ਨਹੀਂ ਸਿਖਿਆ, ਹਿੰਦੂਆਂ ਦੀਆਂ ਕਥਿਤ ਸਹੁੰਆਂ ਸੁਗੰਧਾਂ ਦੇ ਜਾਲ ਵਿਚ ਇਸ ਹੱਦ ਤਕ ਫਸ ਚੁਕੇ ਸਨ ਕਿ ਉਹ ਹੋਰ



www.AKJ.Org

ਕਿਸੇ ਦੀ ਵੀ ਗੱਲ ਤਕ ਸੁਣਨ ਨੂੰ ਤਿਆਰ ਨਹੀਂ ਸੀ ਹੁੰਦੇ। ਅੱਜ ਤਾਂ ਬਹੁਤ ਸਾਰੇ ਸੂਝਵਾਨ ਸਿੱਖ ਇਸ ਨਤੀਜੇ ਤੇ ਪਹੁੰਚ ਚੁਕੇ ਹਨ ਕਿ ਉਸ ਮਹੱਤਵ-ਪੂਰਨ ਸਮੇਂ ਜਦ ਹਿੰਦੂ ਮੁਸਲਮਾਨ ਅਤੇ ਸਿੱਖ ਕੌਮਾ ਦੀਆਂ ਤਕਦੀਰਾਂ ਦੇ ਫ਼ੈਸਲੇ ਹੋ ਰਹੇ ਸਨ, ਉਸ ਸਮੇਂ ਸਿੱਖ ਕੌਮ ਦੇ ਨੁਮਾਇੰਦਿਆਂ ਨੇ ਹਿੰਦੂ ਲੀਡਰਾਂ ਦੇ ਪਿੱਛ-ਲਗ ਬਣ ਕੇ ਅਤੇ ਆਪਣੀ ਸਮੁੱਚੀ ਕੌਮ ਦੀ ਕਿਸਮਤ ਨੂੰ ਉਨ੍ਹਾਂ ਦੇ ਰਹਿਮ-ਓ-ਕਰਮ ਤੇ ਛਡ ਕੇ ਰਾਜਨੀਤਕ ਸੂਝ-ਬੂਝ ਦਾ ਪ੍ਰਗਟਾਵਾ ਨਹੀਂ ਸੀ ਕੀਤਾ, ਕਿਉਂਕਿ ਹਿੰਦੂ ਲੀਡਰਾਂ ਦੇ ਕੌਲ-ਇਕਰਾਰ ਇਕ ਤਾਂ ਕੇਵਲ ਡੰਗ-ਟਪਾਊ ਜਿਹੇ ਹੀ ਸਨ ਅਤੇ ਦੂਜਾ ਇਹ ਨਿਰਾ ਫ਼ਰਾਡ ਵੀ ਤਾਂ ਹੋ ਸਕਦੇ ਸਨ, ਜਿਹਾ ਕਿ ਬਾਅਦ ਵਿਚ ਉਹ ਹੂ-ਬ-ਹੂ ਸਾਬਤ ਹੋਏ। ਅੱਜ ਸਿੱਖ ਕੌਮ ਦੇ ਬੁਧੀਜੀਵੀਆਂ ਦੀ ਇਹ ਪੱਕੀ ਰਾਇ ਹੈ ਕਿ ਉਸ ਨਾਜ਼ਕ ਸਮੇਂ ਸਮੁੱਚੀ ਕੌਮ ਦੀ ਕਿਸਮਤ ਨੂੰ ਹਿੰਦੂਆਂ ਦੇ ਫੋਕੇ ਅਤੇ ਫ਼ਰਾਡੀ ਕੌਲਾਂ-ਕਰਾਰਾਂ ਤੇ ਨਿਰਧਾਰਤ ਕਰ ਕੇ ਉਸ ਇਤਿਹਾਸਕ ਸਮੇਂ ਬਹੁਤ ਵੱਡੇ ਮੌਕੇ ਨੂੰ ਅਜਾਈਂ ਗੁਆ ਦਿੱਤਾ ਗਿਆ।

੧੨ ਮਈ ੧੯੪੭ ਨੂੰ ਲਾਰਡ ਮਊਂਟ ਬੈਟਨ, ਪੰਡਤ ਜਵਾਹਰ ਲਾਲ ਨਹਿਰੂ, ਨਵਾਬ ਲਿਆਕਤ ਅਲੀ ਖਾਂ ਅਤੇ ਸ: ਬਲਦੇਵ ਸਿੰਘ ਬਰਤਾਨਵੀ ਸਰਕਾਰ ਦੇ ਸੱਦੇ ਤੇ ਹਵਾਈ ਜਹਾਜ਼ ਰਾਹੀਂ ਲੰਡਨ ਗਏ, ਤਾਂ ਜੁ ਹਿੰਦੁਸਤਾਨ ਦੇ ਫ਼ਿਰਕੂ ਮਸਲੇ ਦੇ ਹੱਲ ਲਈ ਆਖ਼ਰੀ ਯਤਨ ਕੀਤੇ ਜਾ ਸਕਣ। ਜਦੋਂ ਮੁਸਲਿਮ ਲੀਗ ਅਤੇ ਕਾਂਗਰਸ ਵਿਚਕਾਰ ਕੋਈ ਸਮਝੌਤਾ ਨਾ ਹੋ ਸਕਿਆ ਅਤੇ ਪੰਡਤ ਨਹਿਰੂ ਨੇ ਵਾਪਸ ਪਰਤਣ ਦਾ ਫ਼ੈਸਲਾ ਕਰ ਲਿਆ ਤਾਂ ਬਰਤਾਨਵੀ ਸਰਕਾਰ ਦੇ ਇਕ ਪ੍ਰਮੁਖ ਅਧਿਕਾਰੀ ਨੇ ਸ: ਬਲਦੇਵ ਸਿੰਘ ਨੂੰ ਸੁਨੇਹਾ ਭੇਜਿਆ ਕਿ–

> "ਜੇ ਉਹ ਇਕ ਦੋ ਦਿਨ ਹੋਰ ਰੁਕ ਜਾਣ ਤਾਂ ਅਜਿਹੇ ਪਰਬੰਧ ਕੀਤੇ ਜਾ ਸਕਦੇ ਹਨ, ਜਿਨ੍ਹਾਂ ਦੁਆਰਾ ਕਿ ਸਿੱਖ ਆਪਣੇ ਪੈਰਾਂ ਤੇ ਖੜੇ ਹੋ ਕੇ ਸੰਸਾਰ ਦੀ ਤਵਾਰੀਖ਼ ਵਿਚ ਇੱਜ਼ਤ ਮਾਣ ਨਾਲ ਸ਼ਰੀਕ ਹੋ ਸਕਣਗੇ।"

ਸਰਦਾਰ ਬਲਦੇਵ ਸਿੰਘ ਹੁਰਾਂ ਨੇ ਝਟ ਹੀ ਇਸ ਭੇਤ-ਭਰੀ ਗੱਲ ਦੀ ਇਤਲਾਹ ਪੰਡਤ ਨਹਿਰੂ ਨੂੰ ਜਾ ਦਿੱਤੀ ਅਤੇ ਨਹਿਰੂ ਦੇ ਕਹਿਣ ਤੇ ਉਥੇ ਰੁਕ ਜਾਣ ਦੀ ਪੇਸ਼ਕਸ਼ ਨੂੰ ਠੁਕਰਾ ਦਿੱਤਾ। ਵਿਦਾਇਗੀ ਵੇਲੇ ਸਰਦਾਰ ਬਲਦੇਵ ਸਿੰਘ ਜੀ ਨੇ ਅਖ਼ਬਾਰੀ ਪੱਤਰਕਾਰਾਂ ਨਾਲ ਗੱਲ ਕਰਦਿਆਂ ਬਲ ਦੇ ਕੇ ਕਿਹਾ–

> "ਸਿੱਖ ਅੰਗਰੇਜ਼ਾਂ ਕੋਲੋਂ ਨਾ ਕੁਝ ਮੰਗਦੇ ਹਨ ਅਤੇ ਨਾ ਕੁਝ ਲੋਚਦੇ ਹਨ, ਸਿਵਾਏ ਇਸ ਗੱਲ ਦੇ ਕਿ ਅੰਗਰੇਜ਼ ਹਿੰਦੁਸਤਾਨ 'ਚੋਂ ਨਿਕਲ ਜਾਣ। ਸਿੱਖਾਂ ਨੇ ਜੋ ਕੁਝ ਵੀ ਰਾਜਸੀ ਅਧਿਕਾਰ ਲੈਣੇ ਹਨ, ਉਹ ਕਾਂਗਰਸ ਅਤੇ ਹਿੰਦੂ ਬਹੁ-ਗਿਣਤੀ ਦੀ ਕਿਰਪਾਲਤਾ ਦੁਆਰਾ ਪ੍ਰਾਪਤ ਕਰ ਲੈਣਗੇ।"

ਉਸ ਸਮੇਂ ਤਾਂ ਸਰਦਾਰ ਬਲਦੇਵ ਸਿੰਘ ਜੀ ਇਹੋ ਜਿਹੇ ਖਰ੍ਹਵੇ ਅਤੇ ਖੁਭਵੇਂ ਸ਼ਬਦ ਵਿਸ਼ਵ ਪੱਧਰ ਦੀ ਸ਼ਕਤੀ-ਸ਼ਾਲੀ ਅੰਗਰੇਜ਼ੀ ਤਾਕਤ ਦੇ ਮੂੰਹ ਤੇ ਮਾਰ ਕੇ ਬੜੇ ਖੁਸ਼ ਹੋਏ ਹੋਣੇ ਹਨ; ਪ੍ਰੰਤੂ ਇਨ੍ਹਾਂ ਦਾ ਜੋ ਖਮਿਆਜ਼ਾ ਅੱਜ ਸਮੁੱਚੀ ਸਿੱਖ ਕੌਮ ਨੂੰ ਭੁਗਤਣਾ ਪੈ ਰਿਹਾ ਹੈ, ਉਸ ਕਾਰਨ ਇਹ ਅੱਜ ਤਕ ਲੰਗੜਾ ਰਹੀ ਹੈ। ਕਹਿੰਦੇ ਹਨ ਕਿ ਸਰਦਾਰ ਬਲਦੇਵ ਸਿੰਘ, ਆਪ ਜਦ ਆਖ਼ਰੀ ਦਮਾਂ ਤੇ ਸਨ ਤਾਂ ਉਹ ਅਜਿਹੇ ਮੌਕਿਆਂ ਨੂੰ ਯਾਦ ਕਰ ਕਰ ਰੋਂਦੇ, ਤੜਪਦੇ ਅਤੇ ਆਪਣੇ ਆਪ ਨੂੰ ਕੋਸਦੇ ਸਨ ਕਿ ਉਨ੍ਹਾਂ ਨੇ ਇਕ ਵਾਰੀ ਨਹੀਂ, ਤਿੰਨ ਵਾਰੀ ਆਪਣੀ ਮਹਾਨ ਕੌਮ ਨੂੰ ਆਪਣੀ ਕਿਸਮਤ ਆਪ ਉਲੀਕਣ ਵਾਲੇ ਅਜਿਹੇ ਮਹਾਨ ਮੌਕਿਆਂ ਤੋਂ ਵੰਚਿਤ ਰੱਖਿਆ।

ਅਜਿਹੀ ਹੀ ਹਾਲਤ ਮਾਸਟਰ ਤਾਰਾ ਸਿੰਘ ਜੀ ਦੀ ਵੀ ਹੋਈ ਸੀ, ਜਿਨ੍ਹਾਂ ਨੇ ਵੀ ਇਸ ਸਦੀ ਦੇ ਤੀਜੇ ਦਹਾਕੇ ਵਿਚ ਇਹੋ ਜਿਹੀਆਂ ਪੇਸ਼ਕਸ਼ਾਂ ਨੂੰ ਠੁਕਰਾ ਦਿੱਤਾ ਸੀ। ੧੯੩੨ ਵਿਚ ਜਦ ਲੰਡਨ ਵਿਚ ਦੂਜੀ ਗੋਲਮੇਜ਼ ਕਾਨਫਰੰਸ ਹੋ ਰਹੀ ਸੀ ਤਾਂ ਉਸ ਸਮੇਂ ਬਰਤਾਨਵੀ ਸਰਕਾਰ ਨੇ ਸਰਦਾਰ ਸ਼ਿਵਦੇਵ ਸਿੰਘ ਦੁਆਰਾ (ਜੋ ਉਸ ਵੇਲੇ ਕੌਂਸਲ ਆਫ਼ ਇੰਡੀਆ ਦੇ ਮੈਂਬਰ ਸਨ) ਸਿੱਖਾਂ ਨੂੰ ਇਹ ਪੇਸ਼ਕਸ਼ ਕੀਤੀ ਕਿ "ਜੇ ਉਹ ਆਪਣੇ



www.AKJ.Org

ਆਪ ਨੂੰ ਕਾਂਗਰਸ ਨਾਲੋਂ ਤੋੜ ਲੈਣ ਤਾਂ ਅੰਗਰੇਜ਼ ਸਿੱਖਾਂ ਨੂੰ ਪੰਜਾਬ ਅਤੇ ਹਿੰਦੁਸਤਾਨ ਵਿਚ ਇਤਨਾ ਰਾਜ-ਨੀਤਿਕ ਬਲ ਦੇ ਦੇਣਗੇ ਜਿਸ ਦੁਆਰਾ ਸਿੱਖ, ਹਿੰਦੁਸਤਾਨ ਨੂੰ ਅੰਗਰੇਜ਼ਾਂ ਵਲੋਂ ਆਜ਼ਾਦੀ ਦੇਣ ਸਮੇਂ ਰਾਜ-ਸਤਾ ਵਿਚ ਤੀਜੇ ਭਾਈਵਾਲ ਬਣ ਸਕਣਗੇ। ਮਾ: ਤਾਰਾ ਸਿੰਘ ਨੇ ਸੁਣਦੇ ਸਾਰ ਇਹ ਕਿਹਾ ਸੀ ਕਿ ਉਹ ਅੰਗਰੇਜ਼ ਨਾਲ ਗੱਲ ਬਾਤ ਕਰ ਕੇ ਬਦਨਾਮੀ ਲੈਣਾ ਨਹੀਂ ਚਾਹੁੰਦੇ।

ਇਸੇ ਹੀ ਸੰਬੰਧ ਵਿਚ ਅਪਰੈਲ ੧੯੪੨ ਦੀਆਂ ਘਟਨਾਵਾਂ ਦੀ ਯਾਦ ਦਿਵਾਣੀ ਭੀ ਉਚਿਤ ਅਤੇ ਜ਼ਰੂਰੀ ਹੈ। ਉਸ ਸਮੇਂ ਮਿਸਟਰ ਜਿਨਾਹ ਨੇ ਬਰਤਾਨਵੀ ਸਰਕਾਰ ਦੇ ਕੁਝ ਉਚ ਅਧਿਕਾਰੀਆਂ ਨਾਲ ਸਲਾਹ ਮਸ਼ਵਰਾ ਕਰ ਕੇ ਪਹਿਲਾਂ ਮਾਸਟਰ ਤਾਰਾ ਸਿੰਘ ਅਤੇ ਫਿਰ ਮਹਾਰਾਜਾ ਪਟਿਆਲਾ ਦੇ ਰਾਹੀਂ ਸਿੱਖਾਂ ਨੂੰ ਪਾਨੀਪਤ ਤੋਂ ਲੈ ਕੇ ਰਾਵੀ ਦਰਿਆ ਦੇ ਕੰਢੇ ਤਕ ਦੇ ਇਲਾਕੇ ਵਿਚ ਇਕ ਐਸੇ ਸੁਤੰਤਰ ਸਿੱਖ ਰਾਜ ਦੀ ਪੇਸ਼ਕਸ਼ ਕੀਤੀ ਜੋ ਪਾਕਿਸਤਾਨ ਨਾਲ ਹੇਠ ਲਿਖੀਆਂ ਸ਼ਰਤਾਂ ਦੇ ਆਧਾਰ ਤੇ ਕਨਫੈਡਰੇਸ਼ਨ ਬਨਾਣ ਲਈ ਰਜ਼ਾਮੰਦ ਹੋਵੇਗਾ–

(੧) ਸਿੱਖ ਇਸ ਇਲਾਕੇ ਵਿਚ ਪੂਰੇ ਤੌਰ ਤੇ ਖ਼ੁਦ ਮੁਖ਼ਤਾਰ ਹੋਣਗੇ।

(੨) ਪੰਜਾਬ ਵਿਚ ੩੩ ਫੀ ਸਦੀ ਅਤੇ ਹੋਰ ਇਲਾਕਿਆਂ ਵਿਚ ੨੦ ਫੀ ਸਦੀ ਸੀਟਾਂ ਸਿੱਖਾਂ ਲਈ ਰਾਖਵੀਆਂ ਰੱਖੀਆਂ ਜਾਣਗੀਆ ਅਤੇ ਹਾਈਕੋਰਟਾਂ ਅਤੇ ਸੁਪਰੀਮ ਕੋਰਟ ਵਿਚ ਵੀ ਇਹੀ ਤਨਾਸਬ ਕਾਇਮ ਕੀਤਾ ਜਾਵੇਗਾ।

(੩) ਪੰਜਾਬ ਦਾ ਗਵਰਨਰ ਯਾ ਮੁਖ ਮੰਤਰੀ ਹਮੇਸ਼ਾ ਇਕ ਸਿੱਖ ਹੀ ਹੋਵੇਗਾ।

(੪) ਫ਼ੌਜ ਵਿਚ ਸਿੱਖਾਂ ਲਈ ੪੦ ਫੀ ਸਦੀ ਭਰਤੀ ਰਾਖਵੀਂ ਹੋਵੇਗੀ, ਅਤੇ ਫ਼ੌਜੀ ਹਾਈ ਕਮਾਨ ਵਿਚ ਵੀ ਇਹ ਹੀ ਤਨਾਸਬ ਕਾਇਮ ਹੋਵੇਗਾ।

(੫) ਕੋਈ ਵੀ ਐਸੀਆਂ ਵਿਧਾਨਕ ਯਾ ਕਾਨੂੰਨੀ ਤਬਦੀਲੀਆਂ ਕਦੇ ਅਮਲ ਵਿਚ ਨਹੀਂ ਲਿਆਈਆਂ ਜਾਣਗੀਆਂ ਜੋ ਸਿੱਖਾਂ ਦੀ ਬਹੁ-ਗਿਣਤੀ ਨੂੰ ਵਿਤਕਰੇ ਕਾਰਨ ਪਰਵਾਨ ਨਾ ਹੋਣ।

ਮਿਸਟਰ ਜਿਨਾਹ ਨੇ ਬੜੇ ਠਿੱਗਰ ਕਾਰਨਾਂ ਕਾਰਨ ਸਿੱਖਾਂ ਨੂੰ ਅਜਿਹੀ ਪੇਸ਼ਕਸ਼ ਕੀਤੀ ਸੀ, ਕਿਉਂਕਿ ਇਸ ਤਰ੍ਹਾਂ ਪੰਜਾਬ ਤੋਂ ਇਲਾਵਾ ਬੰਗਾਲ ਦਾ ਬਟਵਾਰਾ ਵੀ ਨਹੀਂ ਸੀ ਹੋਣਾ। ਮਿਸਟਰ ਜਿਨਾਹ ਨੂੰ ਯਕੀਨ ਸੀ ਕਿ ਪੰਜਾਬ ਦਾ ਬਟਵਾਰਾ ਜਿਥੇ ਸਿੱਖ ਕੌਮ ਦੀ ਰੀੜ੍ਹ ਦੀ ਹੱਡੀ ਤੋੜ ਦੇਵੇਗਾ, ਉਥੇ ਉਹ ਪਾਕਿਸਤਾਨ ਲਈ ਵੀ ਬਹੁਤ ਹਾਨੀਕਾਰਕ ਹੋਵੇਗਾ।

ਮਾਸਟਰ ਤਾਰਾ ਸਿੰਘ ਨੇ ਤਾਂ ਤੁਰੰਤ ਹੀ ਇਸ ਪੇਸ਼ਕਸ਼ ਨੂੰ ਬਿਨਾਂ ਕੋਈ ਵਜ੍ਹਾ ਦੱਸੇ ਠੁਕਰਾ ਦਿੱਤਾ ਅਤੇ ਬਾਅਦ ਵਿਚ ਮਹਾਰਾਜਾ ਪਟਿਆਲਾ ਨੇ ਵੀ ਪੰਡਤ ਨਹਿਰੂ ਅਤੇ ਸਰਦਾਰ ਪਟੇਲ ਦੇ ਆਖੇ ਲਗ ਕੇ ਇਸ ਨੂੰ ਅਪਰਵਾਨ ਕਰ ਦਿੱਤਾ।

ਉਪਰੋਕਤ ਤੱਥਾਂ ਦੀ ਰੋਸ਼ਨੀ ਵਿਚ ਇਸ ਬਾਰੇ ਕੋਈ ਵੀ ਭੁਲ ਭੁਲੇਖਾ ਬਾਕੀ ਨਹੀਂ ਰਹਿ ਜਾਂਦਾ ਕਿ ਉਸ ਸਮੇਂ ਸਿੱਖ ਕੌਮ, ਅਤੇ ਵਿਸ਼ੇਸ਼ ਕਰ ਇਸ ਦੇ ਆਗੂ, ਮੁਕੰਮਲ ਤੌਰ ਤੇ ਹਿੰਦੂ ਅਸਰ-ਰਸੂਖ਼ ਦੇ ਜਾਲ ਵਿਚ ਫਸ ਚੁਕੇ ਸਨ ਅਤੇ ਹਿੰਦੂ ਕੌਮ ਇਸ ਨੂੰ ਆਪਣਾ ਹਥ-ਠੋਕਾ ਬਣਾ ਕੇ ਕੇਵਲ ਆਪਣੇ ਹੀ ਹਿੱਤਾਂ ਲਈ ਵਰਤ ਰਹੇ ਸਨ। ਮਿਸਟਰ ਜਿਨਾਹ ਨੇ ਉਸ ਵੇਲੇ ਦੇ ਸਿੱਖ ਲੀਡਰਾਂ ਦੀ ਮਾਨਸਿਕ ਬਿਰਤੀ ਦਾ ਜ਼ਿਕਰ ਬੜੇ ਹੀ ਢੁਕਵੇਂ ਸ਼ਬਦਾਂ ਵਿਚ ਆਪਣੇ ਇਕ ਲੈਕਚਰ ਵਿਚ ਕੀਤਾ ਸੀ, ਜੋ ਉਹਨਾਂ ਨੇ ਕੈਂਬ੍ਰਿਜ ਯੂਨੀਵਰਸਿਟੀ ਵਿਚ "ਭਾਰਤ ਵਿਚ ਮੁਸਲਮਾਨਾਂ ਦੀ ਰਾਜਸੀ ਦਸ਼ਾ" ਦੇ ਵਿਸ਼ੇ ਤੇ ਦਿੱਤਾ ਸੀ। ਜਿਨ੍ਹਾਂ ਭੰਬਲ-ਭੂਸਿਆਂ ਵਿਚ ਸਿੱਖ ਉਸ ਸਮੇਂ ਫਸੇ ਹੋਏ ਸਨ, ਉਨ੍ਹਾਂ ਦਾ ਜ਼ਿਕਰ ਕਰਦਿਆਂ ਮਿ: ਜਿਨਾਹ ਨੇ ਕਿਹਾ ਸੀ–

"ਸਿੱਖਾਂ ਦਾ ਸਮਕਾਲੀ ਰਵੱਈਆ ਤਰਕ-ਸ਼ਾਸਤਰ ਯਾ ਇਨਸਾਫ਼ ਦੇ ਕਿਸੇ ਵੀ ਅਧਾਰ ਤੇ ਪੂਰਾ



www.AKJ.Org

ਨਹੀਂ ਉਤਰਦਾ। ਇਕ ਪਾਸੇ ਤਾਂ ਇਹ ਵੱਖਰੀ ਕੌਮ ਹੋਣ ਦਾ ਦਾਅਵਾ ਕਰਦੇ ਹਨ, ਅਤੇ ਦੂਜੇ ਪਾਸੇ ਹਿੰਦੂਆਂ ਦੇ ਪਿੱਛ-ਲਗ ਬਣ ਕੇ ਮੁਸਲਮਾਨਾਂ ਨੂੰ ਖ਼ਤਮ ਕਰਨਾ ਚਾਹੁੰਦੇ ਹਨ। ਵਾਰੇ ਜਾਈਏ ਇਹਨਾਂ ਸਿੱਖ ਲੀਡਰਾਂ ਤੋਂ......।"

ਉਸ ਸਮੇਂ ਤਾਂ, ਭਾਈ ਸਾਹਿਬ ਸਿਰਦਾਰ ਕਪੂਰ ਸਿੰਘ, ਜੋ ਉਥੇ ਮੌਜੂਦ ਸਨ, ਮਿਸਟਰ ਜਿਨਾਹ ਦੀ ਸਿੱਖ ਲੀਡਰਾਂ ਤੇ ਕੀਤੀ ਗਈ ਟਿੱਪਣੀ ਤੋਂ ਨਾਰਾਜ਼ ਹੋ ਕੇ ਹਾਲ ਦੇ ਬਾਹਰ ਆ ਗਏ ਸਨ; ਪਰੰਤੂ, ਜਦ ਉਸੇ ਸ਼ਾਮ, ਮਿਸਟਰ ਜਿਨਾਹ ਨੂੰ ਉਸ ਹੋਟਲ ਵਿਚ ਮਿਲੇ ਜਿਥੇ ਉਹ ਠਹਿਰੇ ਹੋਏ ਸਨ ਤਾਂ ਮੁਸਲਿਮ ਨੇਤਾ ਨੇ ਬੜੇ ਠਰ੍ਹੰਮੇ ਨਾਲ ਕਿਹਾ ਸੀ–

"ਨੌਜਵਾਨਾ! ਜਜ਼ਬਾਤ ਦੀ ਰੌ ਵਿਚ ਬਹਿ ਜਾਣ ਨੂੰ ਰਾਜਨੀਤੀ ਨਹੀਂ ਕਹਿੰਦੇ। ਜੋ ਕੁਛ ਮੈਂ ਕਿਹਾ ਹੈ, ਉਸ ਤੇ ਠੰਡੇ ਦਿਲ ਨਾਲ ਵਿਚਾਰ ਕਰ ਅਤੇ ਜੇ ਤੇਰੇ ਕੋਲੋਂ ਬਣ ਆਉਂਦਾ ਹੈ ਤਾਂ ਕੁਝ ਕਰ, ਵਰਨਾ ਵੱਡਾ ਹੋ ਕੇ ਤੂੰ ਮੇਰੇ ਇਨ੍ਹਾਂ ਲਫ਼ਜ਼ਾਂ ਨੂੰ ਯਾਦ ਕਰੇਂਗਾ।"

ਬਹੁਤ ਸਾਰੇ ਸੂਝਵਾਨ ਸਿੱਖ ਅੱਜ ਇਹਨਾਂ ਸ਼ਬਦਾਂ ਨੂੰ ਅਵੱਸ਼ ਯਾਦ ਕਰਦੇ ਹਨ ਅਤੇ ਸਭ ਤੋਂ ਜ਼ਿਆਦਾ ਤਾਂ ਯਾਦ ਆਉਂਦੇ ਹੋਣਗੇ ਸਿਰਦਾਰ ਕਪੂਰ ਸਿੰਘ ਹੁਰਾਂ ਨੂੰ, ਜਿਨ੍ਹਾਂ ਨੂੰ ਕਿ ਪਹਿਲੇ ਕਹੇ ਗਏ ਸਨ।

ਸੋ, ਉਪਰੋਕਤ ਤੱਥਾਂ ਦੀ ਰੋਸ਼ਨੀ ਵਿਚ ਇਸ ਬਾਰੇ ਕੋਈ ਸ਼ਕ-ਸ਼ੁਬ੍ਹਾ ਨਹੀਂ ਰਹਿ ਜਾਂਦਾ ਕਿ–

(੧) ਸੁਤੰਤਰਤਾ ਸੰਗਰਾਮ ਦੇ ਦੌਰਾਨ ਭਾਰਤੀ ਉਪ ਮਹਾਂ ਦੀਪ ਵਿਚ ਹਿੰਦੂਆਂ ਅਤੇ ਮੁਸਲਮਾਨਾਂ ਦੇ ਇਲਾਵਾ ਸਿੱਖਾਂ ਨੂੰ ਤੀਜੀ ਕੌਮੀ ਇਕਾਈ ਮੰਨਿਆ ਜਾਂਦਾ ਸੀ।

(੨) ਬਰਤਾਨਵੀ ਸਰਕਾਰ ਸਿੱਖ ਕੌਮ ਨੂੰ ਵੀ ਆਪਣੇ ਪੈਰਾਂ ਤੇ ਆਪ ਖੜੇ ਹੋ ਸਕਣ ਲਈ ਹਿੰਦੂਆਂ ਅਤੇ ਮੁਸਲਮਾਨਾਂ ਦੇ ਮੁਕਾਬਲੇ ਤੇ ਕਿਸੇ ਨਾ ਕਿਸੇ ਸ਼ਕਲ ਵਿਚ ਰਾਜ-ਸਤਾ ਸੌਂਪਣ ਤੇ ਰਜ਼ਾਮੰਦ ਸੀ।

(੩) ਉਸ ਸਮੇਂ ਸਿੱਖ ਕੌਮ ਦੇ ਸਾਹਮਣੇ ਤਿੰਨ ਰਾਹ ਖੁਲ੍ਹੇ ਸਨ–ਸੰਪੂਰਨ ਸਵਰਾਜ ਯਾ ਹਿੰਦੂਆਂ ਅਤੇ ਮੁਸਲਮਾਨਾਂ ਵਿਚੋਂ ਕਿਸੇ ਵੀ ਇਕ ਨਾਲ ਵਿਧਾਨ ਵਿਚ ਅੰਕਤ ਸ਼ਰਤਾਂ ਤੇ ਭਾਈਵਾਲੀ।

(੪) ਮਿਸਟਰ ਜਿਨਾਹ ਵੀ ਸਿੱਖਾਂ ਨੂੰ ਆਪਣੇ ਵਲ ਖਿੱਚਣ ਲਈ ਇਤਨਾ ਹੀ ਉਕਸਤ ਸੀ ਜਿਤਨਾ ਕਿ ਹਿੰਦੂ।

(੫) ਉਸ ਸਮੇਂ ਸਿੱਖ ਕੌਮ ਨੇ ਸਵੈ-ਇੱਛਾ ਨਾਲ ਸਭਿਆਚਾਰਕ ਨੇੜਤਾ ਤੋਂ ਇਲਾਵਾ ਉਨ੍ਹਾਂ ਵਲੋਂ ਦਿਤੇ ਗਏ ਹੇਠ ਲਿਖੇ ਪੱਕੇ ਅਤੇ ਠੋਸ ਕੌਲਾਂ ਅਤੇ ਇਕਰਾਰਾਂ ਦਾ ਯਕੀਨ ਕਰ ਕੇ ਆਪਣੀ ਕਿਸਮਤ ਨੂੰ ਹਿੰਦੂਆਂ ਨਾਲ ਜੋੜਨ ਦਾ ਫ਼ੈਸਲਾ ਕੀਤਾ ਸੀ–

(ੳ) ਬਰਤਾਨਵੀ ਸਰਕਾਰ ਦੇ ਚਲੇ ਜਾਣ ਤੋਂ ਬਾਅਦ ਸਿੱਖਾਂ ਨੂੰ ਉਹਨਾਂ ਦੀ ਅੱਡਰੀ ਕੌਮੀ ਹੈਸੀਅਤ ਤੇ ਅਧਾਰਤ, ਭਾਰਤ ਦੇ ਵਿਧਾਨਕ ਢਾਂਚੇ ਅੰਦਰ ਮੁਕੰਮਲ ਖ਼ੁਦ-ਮੁਖ਼ਤਾਰੀ ਹਾਸਲ ਹੋਵੇਗੀ।

(ਅ) ਕੋਈ ਵੀ ਐਸਾ ਵਿਧਾਨ ਸਿੱਖ ਕੌਮ ਤੇ ਠੋਸਿਆ ਨਹੀਂ ਜਾਵੇਗਾ, ਜੋ ਉਸ ਨੂੰ ਮਨਜ਼ੂਰ ਨਹੀਂ ਹੋਵੇਗਾ।

ਇਨ੍ਹਾਂ ਸਹੁੰਆਂ ਸੁਗੰਧਾਂ ਤੋਂ ਇਲਾਵਾ ਬਰਤਾਨਵੀ ਪਾਰਲੀਮੈਂਟ ਦੇ ੧੯੪੭ ਦੇ 'ਟ੍ਰਾਂਸਫ਼ਰ ਆਫ਼ ਪਾਵਰ ਐਕਟ' ਵਿਚ ਵੀ ਇਸ ਪ੍ਰਕਾਰ ਦਾ ਕਾਨੂੰਨ ਬੰਨ੍ਹਿਆ ਗਿਆ ਸੀ ਕਿ ਭਾਰਤ ਦੇ ਵਿਧਾਨ ਦਾ ਆਧਾਰ ਫ਼ੈਡਰਲ ਢਾਂਚਾ ਹੋਵੇਗਾ, ਜਿਸ ਅਧੀਨ ਕੇਂਦਰ ਕੋਲ ਡੀਫੈਂਸ, ਬਦੇਸ਼ੀ ਮੁਆਮਲੇ ਅਤੇ ਡਾਕ-ਤਾਰ ਤੇ ਆਵਾਜਾਈ ਦੇ ਕੇਵਲ ਤਿੰਨ ਵਿਭਾਗ ਹੀ ਹੋਣਗੇ।

ਇਹਨਾਂ ਪੱਕੀਆਂ ਪੀਡੀਆਂ ਇਤਿਹਾਸਕ ਸਚਿਆਈਆਂ ਦੀ ਰੌਸ਼ਨੀ ਵਿਚ ਕੋਈ ਅਰੁਨ ਸ਼ੋਰੀ ਵਰਗਾ ਮੂੜ੍ਹ ਯਾ ਮੂਰਖ ਹੀ ਸਿੱਖਾਂ ਤੇ ਗ਼ਦਾਰੀ ਯਾ ਝੋਲੀ-ਚੁਕੀ ਦੇ ਦੋਸ਼ ਲਗਾ ਸਕਦਾ ਹੈ। ਜੇ ਸੱਚ ਪੁਛੋ ਤਾਂ ਇਹੋ ਜਿਹੇ ਦੂਸ਼ਨ ਉਹਨਾਂ ਵਰਗਿਆਂ ਤੇ ਹੀ ਢੁਕਦੇ ਹਨ। ਸਿੱਖ ਕੌਮ ਨੇ ਤਾਂ ਇਹਨਾਂ ਕਸਮਾਂ ਕਰਾਰਾਂ ਤੇ ਯਕੀਨ ਕਰ



www.AKJ.Org

ਕੇ ਆਖ਼ਰੀ ਦਮ ਤਕ ਹਿੰਦੂਆਂ ਦਾ ਸਾਥ ਦਿੱਤਾ ਅਤੇ ਦੇਸ਼ ਦੇ ਬਟਵਾਰੇ ਦੀ ਡਟ ਕੇ ਵਿਰੋਧਤਾ ਕੀਤੀ, ਕਿਉਂਕਿ ਸ੍ਰੀ ਗਾਂਧੀ ਸਵੇਰੇ ਸ਼ਾਮ ਆਪਣੀਆਂ ਪ੍ਰਾਥਨਾ-ਸਭਾਵਾਂ ਵਿਚ ਐਲਾਨ ਕਰਦੇ ਸਨ ਕਿ "ਦੇਸ਼ ਦੇ ਬਟਵਾਰੇ ਦਾ ਮਤਲਬ ਮੇਰਾ ਬਟਵਾਰਾ ਹੋਵੇਗਾ, ਜੋ ਮੈਂ ਕਦਾਚਿਤ ਨਹੀਂ ਹੋਣ ਦੇਵਾਂਗਾ।"

ਪਰੰਤੂ ਮੌਲਾਨਾ ਆਜ਼ਾਦ ਅਨੁਸਾਰ, ਜਿਉਂ ਜਿਉਂ ਕਾਂਗਰਸ ਦੇ ਹਿੰਦੂ ਲੀਡਰ ਬਿਰਧ ਹੋ ਰਹੇ ਸਨ, ਉਨ੍ਹਾਂ ਅੰਦਰ ਤੌਖਲਾ ਪੈਦਾ ਹੋ ਰਿਹਾ ਸੀ ਕਿ ਸ਼ਾਇਦ ਉਹ ਆਪਣੇ ਜੀਵਨ-ਕਾਲ ਵਿਚ ਰਾਜ-ਗੱਦੀਆਂ ਨਾ ਮਾਣ ਸਕਣ, ਇਸ ਲਈ ਕੁਰਸੀਆਂ ਦੀ ਭੁਖ ਕਾਰਨ ਉਹ ਦੇਸ਼-ਬਟਵਾਰੇ ਲਈ ਤਿਆਰ ਹੋ ਗਏ। ਇਹਨਾਂ ਦੀ ਇਸ ਕਲਾਬਾਜ਼ੀ ਕਾਰਨ ਹੀ ਸਿੱਖਾਂ ਅਤੇ ਰੇਡ-ਸ਼ਰਟ ਪਠਾਣਾਂ ਨੂੰ ਅਤਿ ਦੀਆਂ ਤਕਲੀਫ਼ਾਂ ਦਾ ਸਾਹਮਣਾ ਕਰਨਾ ਪਿਆ। ਇਨ੍ਹਾਂ ਦੋਹਾਂ ਕੋਮਾਂ ਨੇ ਕਾਂਗਰਸੀ ਲੀਡਰਾਂ ਦੇ ਵਾਅਦਿਆਂ ਅਤੇ ਕਸਮਾਂ ਤੇ ਯਕੀਨ ਕਰ ਕੇ ਆਪਣਾ ਸਭ ਕੁਝ ਦਾਅ ਤੇ ਲਾ ਰੱਖਿਆ ਸੀ।

ਇਸ ਪ੍ਰਸੰਗ ਵਿਚ 'ਹਿੰਦੁਸਤਾਨ ਟਾਈਮਜ਼' ਅਖਬਾਰ ਦਾ ਐਡੀਟਰ ਜੇ. ਐਲ. ਸਾਹਨੀ, ਜਿਸ ਨੇ ਕਈ ਹਾਲਾਤ ਅੱਖੀਂ ਡਿਠੇ ਸਨ, ਆਪਣੀ ਪੁਸਤਕ 'ਦੀ ਲਿਡ ਆਫ਼' ਦੇ ਪੰਨਾ ੨੦੨ ਤੇ ਲਿਖਦਾ ਹੈ ਕਿ–

"ਕਾਂਗਰਸ ਦੇ ਲੀਡਰਾਂ ਨੇ ਸਿੱਖਾਂ ਅਤੇ ਰੇਡ ਸ਼ਰਟ ਪਠਾਣਾਂ ਨੂੰ ਜਿਸ ਤਰ੍ਹਾਂ ਖਜਲ ਖੁਆਰ ਕੀਤਾ, ਉਸ ਦਾ ਕਾਰਨ ਨਾ ਤਾਂ ਇਨ੍ਹਾਂ ਲੀਡਰਾਂ ਦੀ ਅਣਗਹਿਲੀ ਸੀ ਅਤੇ ਨਾ ਹੀ ਗ਼ਲਤੀ। ਇਹ ਤਾਂ ਇਕ ਬਹੁਤ ਵੱਡਾ ਅਤੇ ਕਦੇ ਨਾ ਮੁਆਫ਼ ਕੀਤਾ ਜਾਣ ਵਾਲਾ ਧੋਖਾ ਸੀ, ਜੋ ਇਨ੍ਹਾਂ ਵਲੋਂ ਜਾਣ ਬੁਝ ਕੇ ਕੀਤਾ ਗਿਆ।"

੨ ਜੂਨ ੧੯੪੬ ਨੂੰ ਆਪਣੀ ਪ੍ਰਾਰਥਨਾ ਸਭਾ ਵਿਚ ਗਾਂਧੀ ਜੀ ਨੂੰ ਵੀ ਇਹ ਹਕੀਕਤ ਸਵੀਕਾਰ ਕਰਨੀ ਪਈ। ਉਨ੍ਹਾਂ ਨੂੰ ਇਹ ਮੰਨਣਾ ਪਿਆ ਕਿ 'ਦੇਸ਼ ਦਾ ਬਟਵਾਰਾ ਕਾਂਗਰਸ ਅਤੇ ਮੁਸਲਿਮ ਲੀਗ ਦੀ ਸਲਾਹ ਨਾਲ ਹੋਇਆ ਹੈ।' ਜਦ ਸਭ ਵਿਚੋਂ ਕਿਸੇ ਨੇ ਉਠ ਕੇ ਉਨ੍ਹਾਂ ਨੂੰ ਯਾਦ ਦਿਵਾਇਆ ਕਿ 'ਤੁਸੀਂ ਤਾਂ ਹਮੇਸ਼ਾ ਕਹਿੰਦੇ ਆਏ ਸੀ ਕਿ ਦੇਸ਼ ਦਾ ਬਟਵਾਰਾ ਮੇਰੇ ਬਟਵਾਰੇ ਤੇ ਹੋਵੇਗਾ' ਤਾਂ ਸ੍ਰੀ ਗਾਂਧੀ ਜੀ ਨੇ ਕਿਹਾ, 'ਮੈਂ ਕੀ ਕਰਾਂ, ਲੋਕੀਂ ਮੇਰੀ ਸੁਣਦੇ ਹੀ ਨਹੀਂ ਅਤੇ ਮੈਂ ਇਨ੍ਹਾਂ ਨੂੰ ਮਜਬੂਰ ਨਹੀਂ ਕਰ ਸਕਦਾ।' (ਹਵਾਲਾ ਲਿਡ ਆਫ਼ ੨੦੫)। ਕੀ ਇਹ ਪੁਛਿਆ ਜਾ ਸਕਦਾ ਹੈ ਕਿ ਜੇ ਕਾਂਗਰਸ ਦੇ ਕਰਤਾ ਧਰਤਾ ਨੇ ਵੀ ਆਪਣੇ ਕੌਲਾਂ ਕਰਾਰਾਂ ਨੂੰ ਨਹੀਂ ਸੀ ਨਿਭਾ ਸਕਣਾ, ਤਾਂ ਫਿਰ ਉਸ ਵਲੋਂ ਅਤੇ ਹੋਰ ਕਾਂਗਰਸੀ ਲੀਡਰਾਂ ਵਲੋਂ ਇਕ ਲੰਬੇ ਸਮੇਂ ਤਕ ਭੋਲੇ ਭਾਲੇ ਲੋਕਾਂ ਨੂੰ ਝਾਂਸਾ ਕਿਉਂ ਦਿੱਤਾ ਜਾਂਦਾ ਰਿਹਾ ਸੀ ?

ਰੇਡ ਸ਼ਰਟ ਪਠਾਣ ਤਾਂ ਮੁਸਲਮਾਨ ਹਨ, ਇਸ ਲਈ ਉਨ੍ਹਾਂ ਦੀ ਬਹੁ-ਗਿਣਤੀ ਛੇਤੀ ਹੀ ਪਾਕਿਸਤਾਨ ਵਰਗੇ ਇਸਲਾਮੀ ਮੁਲਕ ਵਿਚ ਰਚ ਮਿਚ ਗਈ, ਭਾਵੇਂ ਗੁਫਾਰ ਖਾਂ ਅਤੇ ਵਲੀ ਖਾਂ ਵਰਗੇ ਉਨ੍ਹਾਂ ਦੇ ਕਈ ਲੀਡਰ ਅੱਜ ਤਕ ਵੀ ਕਾਂਗਰਸ ਦੇ ਹਿੰਦੂ ਮਹਾਂਰਥੀਆਂ ਤੇ ਵਿਸ਼ਵਾਸ ਕਰਨ ਦਾ ਖਮਿਆਜ਼ਾ ਭੁਗਤ ਰਹੇ ਹਨ, ਪਰੰਤੂ ੧੯੪੭ ਦਾ ਸਾਲ ਸਿੱਖ ਕੌਮ ਲਈ ਤਾਂ ਇਕ ਨਵੇਂ ਅਤੇ ਹੋਰ ਭੀ ਕਰੁਣਾ-ਮਈ ਸੰਘਰਸ਼ ਦਾ ਸੁਨੇਹਾ ਲੈ ਕੇ ਆਇਆ। ਇਸ ਦੇ ਛਤੀ ਹੀ ਮਗਰੋਂ ਸਮੁਚੀ ਸਿੱਖ ਕੌਮ ਨੂੰ ਜੁਰਾਇਮ ਪੇਸ਼ਾ ਕਰਾਰ ਦੇ ਦਿੱਤਾ ਗਿਆ (ਹਵਾਲਾ 'ਸੋ ਸਾਖੀ' ਸਿਰਦਾਰ ਕਪੂਰ ਸਿੰਘ)।

ਉਦੋਂ ਤੋਂ ਲੈ ਕੇ ਹੁਣ ਤਕ ਇਸ ਨਾਲ ਮੁਜਰਮਾਂ ਵਰਗਾ ਸਲੂਕ ਹੀ ਕੀਤਾ ਜਾ ਰਿਹਾ ਹੈ। ਅੱਜ ਹਰ ਸਿੱਖ ਨੂੰ ਸ਼ੱਕ ਦੀ ਨਿਗਾਹ ਨਾਲ ਦੇਖਿਆ ਜਾਂਦਾ ਹੈ ਅਤੇ ਇਨ੍ਹਾਂ ਦੀ ਪੰਜਾਬੀ ਸੂਬੇ ਵਰਗੀ ਮਾਸੂਮ ਤੋਂ ਮਾਸੂਮ ਮੰਗ ਨੂੰ ਵੀ 'ਖਾਲਿਸਤਾਨ' ਦੀ ਸ਼ੁਰੂਆਤ ਕਹਿ ਕੇ ਭੰਡਿਆ ਜਾਂਦਾ ਹੈ। ਆਜ਼ਾਦੀ ਉਪਰੰਤ ਦੇਸ਼ ਦੀਆਂ ਪ੍ਰਾਂਤਕ ਸੀਮਾਵਾਂ ਨੂੰ ਬੋਲੀ ਦੇ ਆਧਾਰ ਤੇ ਉਲੀਕਣ ਦਾ ਅਸੂਲ ਕਾਂਗਰਸ ਦੇ ਆਪਣੇ ਹੀ ਵਲੋਂ ਪਾਸ ਕੀਤੇ ਹੋਏ ਕਈ ਮਤਿਆਂ ਤੇ ਅਧਾਰਤ ਹੋਣ ਦੇ ਬਾਵਜੂਦ ਅਤੇ ਬਾਕੀ ਦੇਸ਼ ਦਾ ਪੁਨਰ-ਗਠਨ ਹੋਰ ਸਾਰੀਆਂ ਬੋਲੀਆਂ



www.AKJ.Org

ਦੇ ਆਧਾਰ ਤੇ ਕੀਤੇ ਜਾਣ ਤੋਂ ਬਾਅਦ ਵੀ ਜਦ ਪੰਜਾਬੀ ਸੂਬੇ ਦੀ ਮੰਗ ਕੀਤੀ ਗਈ ਤਾਂ ਇਸ ਨੂੰ ਠੁਕਰਾ ਦਿੱਤਾ ਗਿਆ। ਇਸ ਨਿੱਕੀ ਜਿਹੀ ਹੱਕੀ ਮੰਗ ਨੂੰ ਮਨਵਾਉਣ ਵਾਸਤੇ ਵੀ ਸਿੱਖ ਕੌਮ ਨੂੰ ਅਨੇਕਾਂ ਮਾਸੂਮਾਂ ਦੀ ਆਹੂਤੀ ਦੇਣੀ ਪਈ ਅਤੇ ਤਕਰੀਬਨ ੬੦,੦੦੦ ਹੋਰ ਨੂੰ ਜੇਲ੍ਹ ਦੀਆਂ ਕਾਲ-ਕੋਠੜੀਆਂ ਵਿਚ ਭੇਜਣਾ ਪਿਆ। ਇਤਨੀਆਂ ਵਡੀਆਂ ਕੁਰਬਾਨੀਆਂ ਦੇ ਕੇ ਵੀ ਜੋ 'ਸੂਬੀ' ਮਿਲੀ, ਉਹ ਵੀ ਲੰਗੜੀ ਅਤੇ ਖਖਰ-ਖਾਧੀ। ੩੫ ਸਾਲਾਂ ਤੋਂ ਬਾਅਦ ਵੀ ਪੰਜਾਬੀ ਸੂਬਾ ਅਜੇ ਵੀ ਅਧੂਰਾ ਹੈ ਅਤੇ ਜਦ ਕਦੇ ਸਿੱਖ ਕੌਮ, ਜਾਣ ਬੁਝ ਕੇ ਇਸ ਤੋਂ ਬਾਹਰ ਰੱਖੇ ਗਏ ਪੰਜਾਬੀ ਬੋਲਦੇ ਇਲਾਕਿਆਂ ਨੂੰ ਇਸ ਸੂਬੇ ਨਾਲ ਮਿਲਾਉਣ ਦੀ ਗੱਲ ਕਰਦੀ ਹੈ ਤਾਂ ਸਮੁੱਚੇ ਦੇਸ਼ ਵਿਚ 'ਖਾਲਿਸਤਾਨ' ਦਾ ਹਊਆ ਖੜਾ ਕਰ ਦਿੱਤਾ ਜਾਂਦਾ ਹੈ। ਇਹ ਹੈ ਭਾਰਤ ਵਰਸ਼ ਵਿਚ 'ਸੈਕੂਲਰਇਜ਼ਮ' ਦਾ ਸਹੀ ਸਰੂਪ। ਇਥੇ ਸਾਰੇ ਗੁਣਾਂ ਦਾ ਠੇਕਾ ਬਹੁ-ਗਿਣਤੀ ਨੇ ਲੈ ਲਿਆ ਹੈ ਅਤੇ ਸਾਰੇ ਔਗੁਣ ਘਟ-ਗਿਣਤੀਆਂ ਦੀ ਝੋਲੀ ਪੈ ਚੁਕੇ ਹਨ। ਇਹ ਹੀ ਸਮਕਾਲੀ ਭਾਰਤ ਵਰਸ਼ ਦੀ ਸੁਭਾਵਕ ਵਿਸ਼ੇਸ਼ਤਾ ਹੈ।

ਇਥੇ ਹੀ ਉਸ ਭਾਸ਼ਨ ਦੀਆਂ ਕੁਝ ਕੁ ਟੂਕਾਂ ਦਾ ਹਵਾਲਾ ਦੇਣਾ ਵੀ ਉਚਿਤ ਹੋਵੇਗਾ ਜੋ ਲੋਕ ਸਭਾ ਦੇ ਭੂਤ ਪੂਰਵ ਸਪੀਕਰ ਸਰਦਾਰ ਹੁਕਮ ਸਿੰਘ ਨੇ ੧੯੪੭ ਤੋਂ ਛੇਤੀ ਹੀ ਮਗਰੋਂ ਭਾਰਤੀ ਵਿਧਾਨ ਸਭਾ ਵਿਚ ਦਿੱਤਾ ਸੀ–

> "ਜਦ ਕਦੀ ਵੀ ਅਸੀਂ ਕਾਂਗਰਸ ਨੂੰ ਉਸ ਵਲੋਂ ਸਿੱਖ ਕੌਮ ਨਾਲ ੧੯੨੯, ੧੯੪੬ ਅਤੇ ਫਿਰ ੧੯੪੭ ਵਿਚ ਕੀਤੇ ਇਕਰਾਰਾਂ ਦੀ ਯਾਦ ਦਿਵਾਂਦੇ ਹਾਂ ਤਾਂ ਸਾਨੂੰ ਇਹ ਕਹਿ ਕੇ ਟਾਲ ਦਿੱਤਾ ਜਾਂਦਾ ਹੈ ਕਿ ਹੁਣ ਹਾਲਤ ਬਦਲ ਚੁਕੀ ਹੈ। ਇਹ ਵਿਧਾਨ ਸਭਾ ਉਸੇ ਕੇਬਨਿਟ ਮਿਸ਼ਨ ਪਲੈਨ ਦੀ ਹੀ ਉਪਜ ਹੈ, ਜਿਸ ਨੇ ਸਿੱਖਾਂ ਨੂੰ ਤੀਜੀ ਕੌਮ ਵਜੋਂ ਮਾਨਤਾ ਦਿੱਤੀ ਹੋਈ ਸੀ। ਹਾਲਾਤ ਵਿਚ ਇਕੋ ਇਕ ਤਬਦੀਲੀ ਆਈ ਹੈ ਅਤੇ ਉਹ ਹੈ ਪਾਕਿਸਤਾਨ ਦਾ ਬਣਨਾ। ਕੀ ਮੁਸਲਮਾਨਾਂ ਨੂੰ ਪਾਕਿਸਤਾਨ ਮਿਲ ਜਾਣ ਨਾਲ ਸਿੱਖਾਂ ਦੀ ਹੈਸੀਅਤ ਖ਼ਤਮ ਹੋ ਜਾਂਦੀ ਹੈ? ਪਾਕਿਸਤਾਨ ਨੇ ਘਟ-ਗਿਣਤੀਆਂ ਨੂੰ ਆਪਣੇ ਮੁਲਕ ਤੋਂ ਖ਼ਤਮ ਕਰਨ ਵਾਸਤੇ ਹਿੰਸਾ ਅਤੇ ਹੰਗਾਮੇ ਦੀ ਵਰਤੋਂ ਕੀਤੀ ਸੀ, ਤੁਸੀਂ ਵੀ ਉਹੋ ਹੀ ਕੰਮ, ਚਲਾਕੀ ਅਤੇ ਚਤੁਰਾਈ ਦੁਆਰਾ ਕਰ ਰਹੇ ਹੋ। ਫਰਕ ਕੇਵਲ ਇਤਨਾ ਕੁ ਹੀ ਹੈ।"

[ਚਲਦਾ]

**ਤੀਜੀ ਆਖ਼ਰੀ ਕਿਸ਼ਤ ਵਿਚ ਲੇਖਕ ਨੇ ਅਰੁਣ ਸ਼ੋਰੀ ਦੇ ਉਨ੍ਹਾਂ ਸ਼ਰਾਰਤੀ ਸਵਾਲਾਂ ਦੇ ਉਤਰ ਦਿਤੇ ਹਨ ਜੋ ਕੇਵਲ ਈਰਖਾ-ਵਸ ਹੋ ਕੇ ਲਿਖੇ ਗਏ ਹਨ ਅਤੇ ਜਿਨ੍ਹਾਂ ਦਾ ਨਾ ਉਸ ਨੂੰ ਤੇ ਨਾ ਹੀ ਸਮੁਚੇ ਭਾਰਤ ਨੂੰ ਕਿਸੇ ਤਰ੍ਹਾਂ ਦਾ ਕੋਈ ਲਾਭ ਹੋ ਸਕਦਾ ਹੈ। ਆਉਂਦੇ 'ਸੂਰਾ' ਵਿਚ ਪੜ੍ਹੋ।**

---


## ਭਾ: ਸਾ: ਭਾਈ ਰਣਧੀਰ ਸਿੰਘ ਜੀ ਲਿਖਤ ਪੁਸਤਕਾਂ

| | |
|---|---|
| ਗੁਰਮਤਿ ਨਾਮ ਅਭਿਆਸ ਕਮਾਈ | ੬–੫੦ |
| ਕੀ ਗੁਰੂ ਗ੍ਰੰਥ ਸਾਹਿਬ ਦੀ ਪੂਜਾ ਪ੍ਰਸਤੀ ਹੈ? | ੩–੭੫ |
| ਅਨਹਦ ਸ਼ਬਦ ਦਸਮ ਦੁਆਰ | ੬–੦੦ |
| ਗੁਰਮਤਿ ਰਮਜ਼ਾਂ | ੧–੩੦ |
| ਨਾਮ ਤੇ ਨਾਮ ਦਾ ਦਾਤਾ ਸਤਿਗੁਰੂ | ੫–੫੦ |
| ਸਚਖੰਡ ਦਰਸ਼ਨ | ੧–੭੫ |
| ਝਟਕਾ ਮਾਸ ਪ੍ਰਥਾਇ ਨਿਰਣੈ | ੪–੦੦ |
| ਵਾਹਿਗੁਰੂ ਸਿਮਰਨ | ੦–੪੫ |
| ਜ਼ਾਹਰਾ ਜ਼ਹੂਰ ਗੁਰੂ ਗੋਬਿੰਦ ਸਿੰਘ | ੦–੨੫ |
| ਤਉ ਕਿਉ ਮੁਰਗੀ ਮਾਰੈ (ਤਲਵਾੜਾ ਜੀ) | ੦–੫੦ |
| ਗੁਰਸਿਖ ਰਹਿਣੀ (ਪ੍ਰੋ: ਅਮਰਜੀਤ ਕੌਰ) | ੦–੪੦ |
| ਵੈਸਾਖੀ ਦਾ ਖੂਨੀ ਸਾਕਾ ਤੇ ਸ਼ਹੀਦੀ ਜੀਵਨ | ੧–੫੦ |

HAIR-A DIVINE GIFT 0-40
Dawn of Divine Wisdom 0-75

| | |
|---|---|
| ਜੇਲ੍ਹ ਚਿਠੀਆਂ ੧੫–੮੦ ਅੰਮ੍ਰਿਤ ਕੀ ਹੈ? | ੧–੦੦ |
| ਗੁਰਮਤਿ ਲੇਖ ੫–੫੦ ਗੁਰਮਤਿ ਵਿਚਾਰ | ੫–੫੦ |
| ਗੁਰਮਤਿ ਪ੍ਰਕਾਸ਼ | ੩–੭੫ |
| ਉਮਰ ਕੈਦੀ ਦਾ ਸੁਪਨਾ | ੦–੪੦ |
| ਪ੍ਰਗਟੀ ਜੋਤਿ ਮਿਲੇ ਰਾਮ ਪਿਆਰੇ | ੦–੪੦ |
| ਗੁਰੁ ਮੇਰੈ ਸੰਗਿ ਸਦਾ ਹੈ ਨਾਲੇ | ੦–੨੫ |
| ਗੁਰਬਾਣੀ ਦੀ ਪਾਰਸ ਕਲਾ | ੦–੪੦ |
| ਗੁਰਮਤਿ ਅਨਹਦ ਸ਼ਬਦ | ੦–੨੫ |
| ਜੀਵਨ ਚਰਿਤ੍ਰ ਭਾ: ਰਣਧੀਰ ਸਿੰਘ ਜੀ | ੧–੦੦ |
| ਗੁਰਮਤਿ ਸੰਬੰਧੀ ਸ਼ੰਕਿਆਂ ਦੇ ਉਤਰ | ੦–੯੦ |
| ਨਾਮ ਸੰਬੰਧੀ ਵਿਚਾਰ | ੦–੯੦ |
| ਆਸਤਕ ਤੇ ਨਾਸਤਕ | ੫–੩੫ |


www.AKJ.Org

# ਕਿਰਪਾਨ-ਬਹਾਦਰ

[ਵਲੋਂ ਸ: ਕੁਲਦੀਪ ਸਿੰਘ ਜੀ ਹਉਰਾ, H.M. 126-ਪੰਜਾਬ ਹਾਊਸਿੰਗ ਬੋਰਡ ਕਾਲੋਨੀ, ਭਗਤਾਂ ਵਾਲਾ, ਅੰਮ੍ਰਿਤਸਰ]

ਅੰਮ੍ਰਿਤਧਾਰੀ ਤੇ ਰਹਿਤ ਬਹਿਤ ਵਿੱਚ ਪ੍ਰਪੱਕ ਸਿੰਘਾਂ ਉਤੇ ਜ਼ੁਲਮ ਦੀ ਹਨੇਰੀ ਸਦਾ ਝੁਲਦੀ ਰਹੀ ਹੈ। ਉਹਨਾਂ ਨੂੰ ਫੜ ਫੜ ਕੇ ਕਾਲ ਕੋਠੜੀਆਂ ਵਿੱਚ ਸੁਟਿਆ ਜਾਂਦਾ ਰਿਹਾ ਹੈ। ਉਹਨਾਂ ਉਤੇ ਝੂਠੇ ਮੁਕੱਦਮੇ ਚਲਾਏ ਜਾਂਦੇ ਰਹੇ ਹਨ। ਮਨਸ਼ਾ ਕੇਵਲ ਸਿੱਖੀ ਸਰੂਪ ਨੂੰ ਢਾਹ ਲਾਉਣ ਦਾ ਹੁੰਦਾ ਸੀ, ਪਰ ਨਿਸ਼ਚੇ ਹੀ ਇਸ ਕੂਟਲਤਾ ਵਿਚ ਸਫ਼ਲਤਾ ਨਾ ਹੋ ਸਕੀ, ਕਿਉਂਕਿ ਸਿੱਖੀ ਸਰੂਪ ਗੁਰੂ ਕਲਗੀਧਰ ਦੀ ਬਖ਼ਸ਼ਿਸ਼ ਹੈ। ਇਹ ਸਰੂਪ ਸੀਸ ਵਾਰ ਕੇ ਪ੍ਰਾਪਤ ਕੀਤਾ ਹੋਇਆ ਹੈ। ਜਿਸ ਦਾ ਸਿਰ ਪਹਿਲਾਂ ਹੀ ਗੁਰੂ ਦੀ ਅਮਾਨਤ ਹੋਵੇ, ਉਸ ਨੂੰ ਸਿਰ ਦੇਣ ਤੋਂ ਕੀ ਡਰ ਹੋ ਸਕਦਾ ਹੈ? ਉਹ ਤਾਂ ਸਦਾ ਗੁਰੂ ਦਾ ਹੁਕਮ ਮੰਨਣ ਲਈ ਤਿਆਰ ਰਹਿੰਦਾ ਹੈ। ਗੁਰੂ ਦੀ ਪ੍ਰਾਪਤੀ ਦਾ ਢੰਗ ਹੀ ਇਹੋ ਹੈ ਕਿ ਆਪਣਾ ਤਨ, ਮਨ, ਸਭ ਕੁਝ ਗੁਰੂ ਦਾ ਸਮਝ ਕੇ ਗੁਰੂ ਦਾ ਹੁਕਮ ਮੰਨਣ ਲਈ ਸਦਾ ਤਿਆਰ ਰਿਹਾ ਜਾਏ। ਗੁਰੂ ਕਥਨ ਅਨੁਸਾਰ–

ਤਨੁ ਮਨੁ ਧਨੁ ਸਭੁ ਸਉਪਿ ਗੁਰ ਕਉ, ਹੁਕਮਿ ਮੰਨਿਐ ਪਾਈਐ ॥੯॥
ਰਾਮਕਲੀ ਮ: ੩ ਅਨੰਦੁ, ਪੰਨਾ ੯੧੮

ਇਹ ਪਹਿਲੀ ਵਾਰੀ ਨਹੀਂ ਕਿ ਸਿੱਖ ਦੀ ਕਿਰਪਾਨ ਉਤੇ ਕਰੜੀ ਨਜ਼ਰ ਰੱਖੀ ਜਾ ਰਹੀ ਹੈ, ਸਗੋਂ ਭਗਉਤੀ ਦੀ ਧਾਰ ਵਿਚੋਂ ਪੈਦਾ ਹੋਣ ਵਾਲਿਆਂ ਕੋਲੋਂ ਉਨ੍ਹਾਂ ਦੇ ਚਿੰਨ੍ਹ ਕਿਰਪਾਨ ਖੋਹਣ ਦੀਆਂ ਕੋਸ਼ਿਸ਼ਾਂ ਕਈ ਸਰਕਾਰਾਂ ਨੇ ਕੀਤੀਆਂ। "ਅਕਾਲੀ ਮੋਰਚਿਆਂ ਦਾ ਇਤਿਹਾਸ–ਸੋਹਨ ਸਿੰਘ ਜੋਸ਼" ਦੇ ਪੰਨਾ ੨੫੨ ਤੇ ਲਿਖਿਆ ਹੈ, "ਉਹਨਾਂ ਦਿਨਾਂ ਵਿੱਚ ਗੌਰਮਿੰਟ ਹਰ ਇਕ ਕਿਰਪਾਨ-ਧਾਰੀ ਸਿੱਖ ਨੂੰ 'ਮੁਜਰਮ' ਸਮਝਦੀ ਸੀ।"

ਅੱਜ ਵੀ ਹਾਲਾਤ ਲੱਗ ਪੱਗ ਉਹੋ ਜਿਹੇ ਹੀ ਹਨ, ਹਰ ਕਿਰਪਾਨ-ਧਾਰੀ ਸਿੱਖ ਨੂੰ ਸ਼ੱਕ ਦੀ ਨਜ਼ਰੇ ਵੇਖਿਆ ਜਾਂਦਾ ਹੈ ਤੇ ਸਮਝਿਆ ਜਾਂਦਾ ਹੈ ਕਿ ਪਤਾ ਨਹੀਂ ਅਜਿਹੇ ਸਿੱਖ ਸੱਚਮੁੱਚ ਹੀ ਜਰਾਇਮ ਪੇਸ਼ਾ ਹਨ, ਕਿਰਪਾਨ ਨਾਲ ਸਿੰਘਾਂ ਦਾ ਸਬੰਧ ੧੬੯੯ ਦੀ ਉਸ ਇਤਿਹਾਸਕ ਘਟਨਾ ਨਾਲ ਜੁੜਿਆ ਹੋਇਆ ਹੈ ਜਿਸ ਵਿਚ ਕਲਗੀਧਰ ਪਾਤਸ਼ਾਹ ਨੇ ਅੰਮ੍ਰਿਤ ਛਕਾ ਕੇ ਪੰਜੇ ਕਕਾਰ ਸਿੰਘਾਂ ਨੂੰ ਰਹਿਤ ਮਰਯਾਦਾ ਦੇ ਚਿੰਨ੍ਹਾਂ ਵਜੋਂ ਬਖਸ਼ੇ ਸਨ। ਕੇਸਾਂ ਦੀ ਸੰਭਾਲ ਲਈ ਕੰਘਾ, ਜਤ-ਸਤ ਦਾ ਪ੍ਰਤੀਕ ਕਛਹਿਰਾ ਅਤੇ ਕੜਾ ਬੁਰੇ ਕੰਮਾਂ ਤੋਂ ਬਚਣ ਦਾ ਅੰਕੁਸ ਹੈ। ਇਸੇ ਤਰ੍ਹਾਂ ਕਿਰਪਾਨ ਸਵੈ-ਰੱਖਿਆ ਦਾ ਹਥਿਆਰ ਹੈ ਤੇ ਜ਼ੁਲਮ ਨੂੰ ਰੋਕਣ ਦਾ ਸ਼ਸਤਰ। ਇਸ ਦੀ ਵਰਤੋਂ ਵੀ ਸੰਕਟ ਮਈ ਹਾਲਾਤ ਵਿਚ ਜਦੋਂ ਹੋਰ ਸਭ ਹੀਲੇ ਬਹਾਨੇ ਖ਼ਤਮ ਹੋ ਜਾਣ ਤਾਂ ਕਰਨ ਦੀ ਆਗਿਆ ਹੈ, ਤੇ ਇਹ ਵਰਤੋਂ ਜਾਇਜ਼ ਹੈ। ਸਾਹਿਬ ਦਾ ਆਪਣਾ ਫ਼ੁਰਮਾਨ ਇਸ ਪ੍ਰਤੀ ਸਪੱਸ਼ਟ ਹੈ–

ਚੂੰ ਕਾਰ ਅਜ਼ ਹਮਾ ਹੀਲਤੇ ਦਰਗੁਜ਼ੱਸ਼ਤ ॥
ਹਲਾਲ ਅਸਤ ਬੁਰਦਨ ਬ-ਸ਼ਮਸ਼ੀਰ ਦਸਤ ॥੨੨॥* ਜਫ਼ਰਨਾਮਾ ਪਾ: ੧੦

ਜਦ ਤੋਂ ਗੁਰੂ ਕਲਗੀਧਰ ਪਾਤਸ਼ਾਹ ਨੇ ਭਗੌਤੀ ਆਪਣੇ ਸਿੰਘਾਂ ਨੂੰ ਬਖਸ਼ੀ, ਤਦ ਤੋਂ ਹੀ ਗੀਦੀ ਇਸ ਤੋਂ ਤ੍ਰਹਿਣ ਲਗ ਗਏ। 'ਸ੍ਰੀ ਸਾਹਿਬ' ਪਹਾੜੀ ਰਾਜਿਆਂ ਨੂੰ ਵੀ ਖਟਕੀ, ਮੁਗ਼ਲਾਂ ਵੀ ਇਸ ਤੋਂ ਭੈ ਖਾਧਾ, ਅੰਗਰੇਜ਼ ਵੀ ਔਖੇ ਰਹੇ ਤੇ ਵਰਤਮਾਨ ਸਰਕਾਰ ਵੀ ਬਹਾਨੇ ਬਹਾਨੇ ਇਸ ਤੇ ਰੋਕ ਲਾਉਣ ਦੀ ਸੋਚਦੀ ਹੈ। ਨਾ ਗੁਜ਼ਰ ਚੁਕੇ ਸਮੇਂ ਵਿਚ ਇਹ ਕਿਰਪਾਨ ਸਿੰਘਾਂ ਤੋਂ ਖੋਹੀ ਜਾ ਸਕੀ, ਨਾ ਹੀ ਹੁਣ ਕੋਈ ਖੋਹ ਸਕਦਾ ਹੈ, ਪਰ

* ਜਦੋਂ ਕਿਸੇ ਕਾਰਜ ਲਈ ਸਾਰੇ ਹੀਲੇ ਖ਼ਤਮ ਹੋ ਜਾਣ ਤਾਂ (ਉਸ ਵਕਤ) ਹੱਥ ਵਿਚ ਸ੍ਰੀ ਸਾਹਿਬ ਫੜਨੀ ਬਿਲਕੁਲ ਯੋਗ ਹੈ।



www.AKJ.Org

ਸਮੇਂ ਸਮੇਂ ਜੋ ਯਤਨ ਇਸ ਉਤੇ ਪਾਬੰਦੀ ਲਾਉਣ ਦੇ ਹੁੰਦੇ ਰਹੇ, ਉਸ ਦਾ ਲੇਖਾ-ਜੋਖਾ ਕਰਨਾ ਹੀ ਇਸ ਲੇਖ ਦਾ ਮਨੋਰਥ ਹੈ।

ਕਿਰਪਾਨ ਪਹਿਨਣ ਦੀ ਸੁਤੰਤਰਤਾ ਪ੍ਰਾਪਤ ਕਰਨ ਬਾਰੇ ਕੀਤੇ ਯਤਨਾਂ ਦੀ ਹਿਸਟਰੀ ਬੜੀ ਰੋਚਕ ਹੈ। ਇਸ ਹੱਕ ਨੂੰ ਪ੍ਰਾਪਤ ਕਰਨ ਲਈ ਬੜੀਆਂ ਕੁਰਬਾਨੀਆਂ ਕਰਨੀਆਂ ਪਈਆਂ। ਅੰਗਰੇਜ਼ੀ ਰਾਜ ਸਮੇਂ ਇਸ ਉਤੇ ਰੋਕ ਲਾਣ ਦੇ ਕਈ ਵਾਰ ਯਤਨ ਕੀਤੇ ਗਏ। ਰੋਚਕਤਾ ਇਸ ਗੱਲ ਵਿਚ ਹੈ ਕਿ ਇਕ ਪਾਸੇ ਅੰਗਰੇਜ਼ ਹਾਕਮ ਲਿਖ ਕੇ ਕਿਰਪਾਨ ਪਹਿਨਣ ਦੀ ਆਜ਼ਾਦੀ ਦੇਂਦੇ ਤਾਂ ਦੂਸਰੇ ਪਾਸੇ ਲਿਖ ਕੇ ਹੀ ਕਿਰਪਾਨ-ਧਾਰੀਆਂ ਉਤੇ ਮੁਕੱਦਮੇ ਚਲਾਉਂਦੇ ਤੇ ਅੰਗਰੇਜ਼ ਜੱਜ ਵਧ ਚੜ੍ਹ ਕੇ ਸਜ਼ਾਵਾਂ ਦੇ ਕੇ ਉਹਨਾਂ ਨੂੰ ਜੇਲ੍ਹਾਂ ਵਿਚ ਭੇਜਦੇ।

ਇਕ ਸਮਾਂ ਅਜਿਹਾ ਵੀ ਆਇਆ ਕਿ ਕਿਰਪਾਨ ਨੂੰ ਵੀ ਬੰਦੂਕ, ਪਸਤੌਲ ਆਦਿ ਮਾਰੂ ਹਥਿਆਰਾਂ ਵਿਚ ਸ਼ਾਮਲ ਕਰ ਕੇ ਇਸ ਦੇ ਰੱਖਣ ਉਤੇ ਰੋਕ ਲਾ ਦਿੱਤੀ ਗਈ ਸੀ। ਸਗੋਂ ਕਿਰਪਾਨ ਦਾ ਰੱਖਣਾ ਤੇ ਪਹਿਨਣਾ ਜੁਰਮ ਕਰਾਰ ਦੇ ਦਿੱਤਾ ਗਿਆ ਸੀ। ਪਰ ਸਿੰਘਾਂ ਦਾ ਇਸ ਨੂੰ ਪਹਿਨਣਾ ਧਾਰਮਿਕ ਤੌਰ ਤੇ ਜ਼ਰੂਰੀ ਸੀ, ਕਿਉਂਕਿ ਇਹ 'ਪੰਜ ਕਕਾਰਾਂ' ਵਿਚੋਂ ਇਕ ਸੀ, ਜਿਸ ਨੂੰ ਰੱਖਣ ਦੀ ਮਨਜ਼ੂਰੀ ਦਾ ਹੁਕਮ ਕਲਗੀਧਰ ਪਾਤਸ਼ਾਹ ਵਲੋਂ ਸੀ।

ਸ਼ਰਮ ਤੇ ਦੁਖ ਦੀ ਗੱਲ ਇਹ ਹੋਈ ਕਿ ਕਈ ਅੰਗਰੇਜ਼-ਪਿੱਠੂਆਂ ਨੇ ਕਿਰਪਾਨ ਨੂੰ ਕਿਰਪਾਨ ਨਾ ਰਹਿਣ ਦਿੱਤਾ, ਸਗੋਂ ਇਸ ਨੂੰ ਖਿਡੌਣਾ ਬਣਾ ਕੇ ਇਸ ਦੀ ਲੰਬਾਈ ਇਤਨੀ ਛੋਟੀ ਕਰ ਦਿੱਤੀ ਕਿ ਉਸ ਦੀ ਹੋਂਦ ਮਹਿਸੂਸ ਹੀ ਨਾ ਹੁੰਦੀ, ਸਗੋਂ ਕੰਘੇ ਦੇ ਉਪਰ ਲਗਾ ਕੇ ਗੁਪਤ-ਵਾਸ ਕਰਵਾ ਦਿੱਤਾ ਗਿਆ।

ਅਕਾਲੀ ਦਲ ਤੇ ਸ਼ਰੋਮਣੀ ਕਮੇਟੀ ਦੇ ਹੋਂਦ ਵਿਚ ਆਉਣ ਤੋਂ ਪਹਿਲੋਂ ਜਿਨ੍ਹਾਂ ਲੋਕਾਂ ਦੇ ਹੱਥਾਂ ਵਿਚ ਕੌਮ ਦੀ ਵਾਗ-ਡੋਰ ਸੀ, ਉਹ ਕੋਈ ਅਜਿਹਾ ਕੰਮ ਕਰਨ ਵਾਸਤੇ ਤਿਆਰ ਨਹੀਂ ਸਨ, ਜਿਸ ਤੋਂ ਅੰਗਰੇਜ਼ ਹਾਕਮਾਂ ਦੇ ਮੱਥੇ ਤੇ ਵੱਟ ਪਏ। ਅਕਾਲੀ ਲਹਿਰ ਤੋਂ ਪਹਿਲੋਂ ਬਹੁਤ ਸਾਰੇ ਸਿੰਘਾਂ ਸੂਰਬੀਰਾਂ ਨੂੰ ਲੰਮੀਆਂ ਸਜ਼ਾਵਾਂ ਭੁਗਤਣੀਆਂ ਪਈਆਂ, ਕਿਉਂਕਿ ਉਹਨਾਂ ਨੇ ਕਿਰਪਾਨਾਂ ਪਹਿਨੀਆਂ ਹੋਈਆਂ ਸਨ। ਪੰਜਾਬ ਵਿਚ ਹੀ ਦਮਨ-ਚੱਕਰ ਨਹੀਂ ਸੀ, ਸਗੋਂ ਉਤਰ ਪ੍ਰਦੇਸ਼, ਬੰਗਾਲ ਤੇ ਬਰਮਾ ਵਿਚ ਵੀ ਕਿਰਪਾਨਧਾਰੀ ਸਿੰਘਾਂ ਨੂੰ ਫੜ ਲਿਆ ਜਾਂਦਾ ਸੀ। ਖ਼ਾਸ ਕਰਕੇ ਫ਼ੌਜੀ ਸਿੰਘਾਂ ਨੂੰ ਜ਼ਿਆਦਾ ਮੁਲ ਤਾਰਨਾ ਪਿਆ, ਜਿਨ੍ਹਾਂ ਵਿਚੋਂ ਕਈਆਂ ਨੂੰ ਕਮਾਨ ਅਫਸਰਾਂ ਨੇ ਚੌਦ੍ਹਾਂ ਚੌਦ੍ਹਾਂ ਸਾਲਾਂ ਦੀਆਂ ਸਖ਼ਤ ਸਜ਼ਾਵਾਂ ਦਿੱਤੀਆਂ। ਆਖ਼ਰ ਕਾਫ਼ੀ ਰੌਲਾ ਪਿਆ ਤੇ ਪੰਜਾਬ ਕੌਂਸਲ ਤੇ ਕੇਂਦਰੀ ਅਸੈਂਬਲੀ ਵਿਚ ਇਸ ਬਾਰੇ ਪ੍ਰਸ਼ਨ ਪੁਛੇ ਗਏ। ਅਖਬਾਰਾਂ ਵਿਚ ਚਰਚਾ ਹੋਈ। ਨਤੀਜਾ ਇਹ ਹੋਇਆ ਕਿ ਆਖ਼ਰ ਸਰਕਾਰ ਨੇ ੨੫ ਜੂਨ, ੧੯੧੪ ਨੂੰ ਇਕ ਐਲਾਨ ਦੁਆਰਾ ਕਿਰਪਾਨ ਨੂੰ ਹੋਰਨਾਂ ਹਥਿਆਰਾਂ ਨਾਲੋਂ ਵੱਖਰਾ ਕਰਕੇ ਉਸ ਦੇ ਪਹਿਨਣ ਤੇ ਲੱਗੀ ਰੋਕ ਹਟਾ ਦਿਤੀ। ਰੋਕ ਹਟਾ ਤਾਂ ਦਿਤੀ, ਪਰ ਫੇਰ ਕਿਰਪਾਨ ਦੀ ਲੰਬਾਈ ਤੇ ਉਸ ਦੇ ਡੀਜ਼ਾਇਨ ਬਾਰੇ ਫੁਰਰ ਫਾਹੇ ਜਾਣ ਲਗੇ। ਕਿਰਪਾਨ ਦੀ ਲੰਬਾਈ ਦਾ ਬਹਾਨਾ ਪਾ ਕੇ ਗ੍ਰਿਫਤਾਰੀ ਕਰ ਲਈ ਜਾਂਦੀ। ਇਸ ਤਰ੍ਹਾਂ ਨਾਲ ਕਿਰਪਾਨ ਦਾ ਮਸਲਾ ਲਟਕਦਾ ਰਿਹਾ। ਜੇਕਰ ਕਿਰਪਾਨ ਦੇ ਖ਼ਿਲਾਫ਼ ਆਵਾਜ਼ ਉਠਦੀ ਤਾਂ ਹੱਕ ਵਿਚ ਅਮਲ ਹੁੰਦਾ ਰਿਹਾ ਤੇ ਮਸਲਾ ਜਿਉਂ ਦਾ ਤਿਉਂ ਭਖ਼ਦਾ ਗਿਆ।

੧੯ ਮਈ ੧੯੧੭ ਦੇ ਸਰਕਾਰ ਦੇ ਇਕ ਐਲਾਨ ਰਾਹੀਂ ਹਿੰਦੁਸਤਾਨ ਭਰ ਵਿਚ ਸਿੱਖਾਂ ਨੂੰ ਕਿਰਪਾਨ ਪਹਿਨਣ ਦੀ ਆਗਿਆ ਦੇ ਦਿਤੀ ਗਈ, ਪਰ ਕਿਰਪਾਨ ਦੇ ਸਾਈਜ਼ ਤੇ ਡੀਜ਼ਾਇਨ ਬਾਰੇ ਕੋਈ ਦੋ-ਟੁਕ ਫ਼ੈਸਲਾ ਨਾ ਕੀਤਾ ਗਿਆ। ਅੱਡ ਅੱਡ ਥਾਵਾਂ ਦੇ ਅਧਿਕਾਰੀਆਂ ਨੇ ਆਪਣੇ ਆਪਣੇ ਖ਼ਿਆਲ ਮੁਤਾਬਿਕ ਨਿਯਮਾਂ ਦੀ ਵਿਆਖਿਆ ਕਰ ਕੇ ਗ੍ਰਿਫ਼ਤਾਰੀਆਂ ਤੇ ਸਜ਼ਾਵਾਂ ਜਾਰੀ ਰੱਖੀਆਂ। ਫ਼ੌਜਾਂ ਵਿਚ ਕਿਰਪਾਨ ਪਹਿਨਣ ਵਾਲੇ ਕਈ



www.AKJ.Org

ਸਿੱਖਾਂ ਦੇ ਕੋਰਟ-ਮਾਰਸ਼ਲ ਹੋ ਜਾਂਦੇ ਸਨ। ਅਕਾਲੀ ਲਹਿਰ ਦੌਰਾਨ ਕਾਲੀ ਦਸਤਾਰ ਤੇ ਕਿਰਪਾਨ ਬਗ਼ਾਵਤ ਦੀਆਂ ਨਿਸ਼ਾਨੀਆਂ ਸਮਝੀਆਂ ਜਾਣ ਲੱਗੀਆਂ। ਅਕਾਲੀ ਲਹਿਰ ਨੂੰ ਕੁਚਲਣ ਲਈ ਕਿਰਪਾਨਧਾਰੀ ਅਕਾਲੀਆਂ ਉਤੇ ਦਮਨ ਦਾ ਚੱਕਰ ਚਲਿਆ। ਏਥੋਂ ਤਕ ਕਿ ਕਿਰਪਾਨ ਦੇ ਨਾਲ ਸਿੱਖਾਂ ਕੋਲੋਂ ਟਕੂਏ, ਨੇਜ਼ੇ, ਡਾਂਗਾਂ ਆਦਿ ਵੀ ਖੋਹੇ ਜਾਂਦੇ ਸਨ ਤੇ ਨੌਂ ਇੰਚ ਤੋਂ ਵੱਡੀ ਕਿਰਪਾਨ ਰੱਖਣ ਵਾਲਿਆਂ ਤੇ ਮੁਕੱਦਮੇ ਚਲਾਏ ਜਾਂਦੇ ਸਨ। ਜਿਨ੍ਹਾਂ ਅਕਾਲੀਆਂ ਨੂੰ ਕਿਰਪਾਨ ਪਹਿਨਣ ਦੇ ਜੁਰਮ ਵਿਚ ਸਰਕਾਰ ਵਲੋਂ ਸਜ਼ਾਵਾਂ ਦਿੱਤੀਆਂ ਜਾਂਦੀਆਂ, ਪੰਥ ਵਲੋਂ ਉਹਨਾਂ ਨੂੰ 'ਕਿਰਪਾਨ ਬਹਾਦਰ' ਦੀਆਂ ਉਪਾਧੀਆਂ ਦਿਤੀਆਂ ਜਾਂਦੀਆਂ। ਅਕਾਲੀਆਂ ਨੇ ਕਿਰਪਾਨ ਦੀ ਆਜ਼ਾਦੀ ਨੂੰ ਆਪਣੇ ਵਕਾਰ ਦਾ ਸੁਆਲ ਬਣਾ ਲਿਆ। ਭਾਈ ਸੇਵਾ ਸਿੰਘ 'ਕਿਰਪਾਨ ਬਹਾਦਰ' ਨੇ ਕਿਰਪਾਨ ਬਹਾਦਰ ਨਾਂ ਦਾ ਹਫਤਾਵਾਰ ਅਖਬਾਰ ਅੰਮ੍ਰਿਤਸਰ ਤੋਂ ਕੱਢਿਆ। ਇਸ ਅਖਬਾਰ ਨੇ ਅਕਾਲੀ ਲਹਿਰ, ਰਿਆਸਤ ਪਰਜਾ ਮੰਡਲ ਲਹਿਰ ਤੇ ਕਿਰਪਾਨ ਦੀ ਆਜ਼ਾਦੀ ਦੀ ਲਹਿਰ ਲਈ ਬੜਾ ਮਹੱਤਵ-ਪੂਰਨ ਕੰਮ ਕੀਤਾ। ਇਸ ਅਖ਼ਬਾਰ ਦੇ ਸੰਪਾਦਕਾਂ ਅਤੇ ਛਾਪਕਾਂ ਨੂੰ ਕਈ ਵਾਰੀ ਜੇਲ੍ਹ ਦੀਆਂ ਸੀਖਾਂ ਪਿਛੇ ਵੀ ਜਾਣਾ ਪਿਆ।

ਏਥੋਂ ਤਕ ਕਿ ਜਿਨ੍ਹਾਂ ਫ਼ੈਕਟਰੀਆਂ ਵਿਚ ਕਿਰਪਾਨਾਂ ਬਣਦੀਆਂ ਸਨ, ਓਨ੍ਹਾਂ ਦੇ ਮਾਲਕ ਵੀ ਸਰਕਾਰ ਦੇ ਕਰੋਪ ਤੋਂ ਨਾ ਬੱਚ ਸਕੇ। ਪੰਥ ਦੇ ਬੇਤਾਜ ਬਾਦਸ਼ਾਹ ਬਾਬਾ ਖੜਕ ਸਿੰਘ ਦੇ ਸਿਆਲਕੋਟ ਸਥਿਤ ਕਿਰਪਾਨਾਂ ਦੇ ਕਾਰਖਾਨੇ ਤੇ ਛਾਪਾ ਮਾਰ ਕੇ ੧੭੯ ਕਿਰਪਾਨਾਂ, ਜਿਨ੍ਹਾਂ ਦੀ ਲੰਬਾਈ ਨੌਂ ਇੰਚ ਤੋਂ ਵੱਧ ਸੀ, ਪੁਲਿਸ ਨੇ ਆਪਣੇ ਕਬਜ਼ੇ ਵਿਚ ਕਰ ਲਈਆਂ*, ਇਹ ਛਾਪਾ ੧੯੨੧ ਵਿਚ ਮਾਰਿਆ ਗਿਆ। ਗ਼ੈਰ-ਸਿੱਖਾਂ ਨੂੰ ਸਿੱਖਾਂ ਵਿਰੁਧ ਕਿਰਪਾਨ ਦੇ ਮਸਲੇ ਤੇ ਭੜਕਾਉਣ ਦੇ ਯਤਨ ਵੀ ਕੀਤੇ ਗਏ। ਬਾਬਾ ਖੜਕ ਸਿੰਘ ਜੀ ਨੂੰ "ਅਸਲਾ ਐਕਟ" ਦੇ ਥੱਲੇ ਨੌਂ ਮਹੀਨੇ ਕੈਦ ਦੀ ਸਜ਼ਾ ਦਿਤੀ ਗਈ।

ਜੂਨ ੧੯੨੨ ਦੇ ਸ਼ੁਰੂ ਵਿਚ ਸਰਕਾਰ ਨੇ ਕਿਰਪਾਨ-ਧਾਰੀ ਅਕਾਲੀਆਂ ਦੀ ਗ੍ਰਿਫ਼ਤਾਰੀ ਦੇ ਅੰਕੜੇ ਦਿਤੇ, ਜਿਸ ਅਨੁਸਾਰ ੬੮ ਕਿਰਪਾਨ-ਧਾਰੀ ਗ੍ਰਿਫ਼ਤਾਰ ਕੀਤੇ ਗਏ। ਇਹਨਾਂ ਵਿਚੋਂ ੬੬ ਤੇ ਮੁਕੱਦਮੇ ਚਲਾਏ ਗਏ। ਚਾਲੀਆਂ ਨੂੰ ਬਾਰ੍ਹਾਂ ਮਹੀਨਿਆਂ ਵਿਚ ਕਿਰਪਾਨਾਂ ਰੱਖਣ, ਵੇਚਣ ਤੇ ਬਨਾਣ ਦੇ ਦੋਸ਼ ਵਿਚ ਸਜ਼ਾਵਾਂ ਦਿਤੀਆਂ ਗਈਆਂ। ੧੮ ਅਕਾਲੀਆਂ ਉਤੇ ਮੁਕੱਦਮੇ ਚਲ ਰਹੇ ਸਨ। ਸ: ਸੋਹਣ ਸਿੰਘ ਜੋਸ਼ ਅਨੁਸਾਰ ਇਹ ਅੰਕੜੇ ਅਧੂਰੇ ਤੇ ਘਟ ਹਨ। ਅਸਲ ਵਿਚ ਗਿਣਤੀ ਇਨ੍ਹਾਂ ਤੋਂ ਅਧਿਕ ਹੈ। (ਅਕਾਲੀ ਮੋਰਚਿਆਂ ਦਾ ਇਤਿਹਾਸ—ਪੰਨਾ ੨੫੨)

ਇਨ੍ਹਾਂ ਮੁਕੱਦਮਿਆਂ ਵਿਚ ਜੱਜ ਗੁਆਹਾਂ ਨੂੰ ਮਜਬੂਰ ਕਰਦੇ ਕਿ ਪਹਿਲਾਂ ਕਿਰਪਾਨ ਉਤਾਰੋ, ਫਿਰ ਤੁਹਾਡੀ ਗੁਆਹੀ ਰੀਕਾਰਡ ਕੀਤੀ ਜਾਵੇਗੀ। ਸਰਕਾਰ ਹਰ ਇਕ ਕਿਰਪਾਨ-ਧਾਰੀ ਸਿੱਖ ਨੂੰ 'ਮੁਜਰਮ' ਸਮਝਦੀ ਸੀ। ਇਕ ਵਿਦਿਆਰਥੀ ਹੱਥ ਵਿਚ ਕਿਰਪਾਨ ਫੜੀ ਸਕੂਲ ਜਾ ਰਿਹਾ ਸੀ, ਉਸ ਨੂੰ ਫੜ ਲਿਆ ਗਿਆ, ਅਦਾਲਤ ਨੇ ਉਸ ਨੂੰ ਜੁਰਮਾਨਾ ਕੀਤਾ। ਇਕ ਅੰਗਰੇਜ਼ ਪ੍ਰੋਫ਼ੈਸਰ ਨੇ ਇਕ ਕਿਰਪਾਨ-ਧਾਰੀ ਵਿਦਿ-ਆਰਥੀ ਨੂੰ ਕਲਾਸ ਵਿਚ ਕਿਰਪਾਨ ਉਤਾਰ ਕੇ ਆਉਣ ਲਈ ਹੁਕਮ ਦਿੱਤਾ ਤੇ ਇਹ ਵੀ ਕਿਹਾ ਕਿ ਜੇਕਰ ਪ੍ਰਿੰਸੀਪਲ ਨੇ ਕਿਰਪਾਨ ਪਾ ਕੇ ਆਉਣ ਦੀ ਆਗਿਆ ਦੇ ਵੀ ਦਿਤੀ ਤਾਂ ਵੀ ਮੇਰੀ ਮਰਜ਼ੀ ਹੋਵੇਗੀ ਕਿ ਮੈਂ ਤੈਨੂੰ ਕਲਾਸ ਵਿਚ ਬੈਠਣ ਦਿਆਂ ਜਾਂ ਨਾ।†

---

* Mr. Smith, Supdt. C.I.D.'s report, 1921–22.

† ਅਕਾਲੀ ਮੋਰਚਿਆਂ ਦਾ ਇਤਿਹਾਸ—ਕਾਮਰੇਡ ਸੋਹਣ ਸਿੰਘ 'ਜੋਸ਼' ਪੰਨਾ ੩੫੨।



www.AKJ.Org

# ਅਣ-ਸੁਖਾਵੀਂ ਵਿਰੋਧਤਾ

[ਵਲੋਂ—ਗਿ: ਗੋਪਾਲ ਸਿੰਘ ਜੀ 'ਮਿੱਤਰ' ਮਾਲਬ ਜਿਲਾ ਗੁੜਗਾਉਂ]

ਅੱਜ ਦੇ ਜ਼ਮਾਨੇ ਵਿਚ ਸਿੱਖ ਕੌਮ ਅੰਦਰ ਗੁਰਮਤਿ ਪ੍ਰਚਾਰ ਦਾ ਪੱਜ ਲੈ ਕੇ ਨਿਤ ਨਵੇਂ ਸੂਰਜ ਨਵੀਆਂ ਸੰਸਥਾਵਾਂ, ਨਵੇਂ ਦਲ, ਨਵੀਆਂ ਸਭਾਵਾਂ, ਨਵੀਆਂ ਐਸੋਸੀਏਸ਼ਨਾਂ ਭਾਦੋਂ ਦੀਆਂ ਖੁੰਬਾਂ ਵਾਂਗ ਉਗ ਰਹੀਆਂ ਹਨ। ਪੰਜਾਬੀ ਅਖਬਾਰਾਂ ਦਾ ਤਾਂ ਹੜ੍ਹ ਹੀ ਆ ਗਿਆ ਹੈ। ਜਿਸ ਨੂੰ ਥੋੜਾ ਬਹੁਤ ਬੋਲਣ ਲਿਖਣ ਦਾ ਵਲ ਆ ਗਿਆ, ਉਸਨੇ ਅਖ਼ਬਾਰ ਜਾਂ ਰਸਾਲਾ ਕਢ ਲਿਆ, ਭਾਵੇਂ ਉਸਦੇ ਸਾਰੇ ਵਿਚਾਰ ਗੁਰਮਤਿ ਦੀ ਕਸਵੱਟੀ ਤੇ ਪੂਰੇ ਉਤਰਦੇ ਹੋਣ ਜਾਂ ਨਾ। ਕਈ ਕਈ ਸੰਪਾਦਕ ਤਾਂ ਆਪਣੀ ਵਿਦਵਤਾ ਦਾ ਪ੍ਰਾਪੇਗੰਡਾ ਕਰਨ ਲਈ ਚਲਦੀਆਂ ਚੰਗੀਆਂ ਪਿਰਤਾਂ ਤੇ ਵੀ ਟੀਕਾ ਟਿਪਣੀ ਕਰਨੋਂ ਸੰਕੋਚ ਨਹੀਂ ਕਰਦੇ।

ਮੇਰੇ ਕੋਲ 'ਯੰਗ ਸਿਖ ਕਲਚਰਲ ਐਸੋਸੀਏਸ਼ਨ ਦਿੱਲੀ' ਦੇ ਪ੍ਰਬੰਧ ਹੇਠ ਨਿਕਲਿਆ ਜੁਲਾਈ ੮੨ ਦਾ 'ਗੁਰੂ ਹਰਿਕ੍ਰਿਸ਼ਨ ਸੁਵੀਨੀਅਰ' ਪੁਜਾ ਹੈ,ਜਿਸ ਵਿਚ ਅਖੰਡਪਾਠਾਂ ਦੇ ਨਾਲ ਰੈਣ ਸਬਾਈ ਕੀਰਤਨਾਂ ਤੇ ਵੀ ਤਰਕ ਕੀਤੀ ਗਈ ਹੈ। ਸਿਰਲੇਖ–''ਸਿੱਖ ਜਥੇਬੰਦੀਆਂ ਨੂੰ ਚੇਤਾਵਨੀ'' ਐਡੀਟਰ ਦੀ ਕਲਮ ਤੋਂ। ਪੰਨਾ ੧੯ ਤੇ ਸੁਜਾਨ ਲੇਖਕ ਨੇ ਖ਼ਿਆਲ ਪ੍ਰਗਟ ਕੀਤੇ ਹਨ, ''ਰੈਣ ਸਬਾਈ ਕੀਰਤਨਾਂ ਦਾ...ਸਿੱਖ ਧਰਮ ਵਿਚ ਕੋਈ ਸਥਾਨ ਨਹੀਂ......ਸਾਰੀ ਰਾਤ ਜਾਗਣ ਦੀ ਸਿੱਖ ਧਰਮ ਵਿਚ ਕੋਈ ਲੋੜ ਨਹੀਂ.. ...ਦਿਖਾਵਾ ਹੈ, ਢੋਂਗ ਹੈ, ਮਨਮਤਿ ਹੈ......ਇਹ ਚੀਜ਼ਾਂ ਬਾਣੀ-ਵਿਚਾਰ ਤੋਂ ਕੋਰੀਆਂ ਹਨ।''

ਮੈਂ ਸੁਹਿਰਦ ਸੰਪਾਦਕ ਤੋਂ ਖਿਮਾ ਮੰਗਦਾ ਹੋਇਆ **ਕੀ ਪੁਛ ਸਕਦਾ ਹਾਂ ਕਿ ਜੇਕਰ ਰੈਣਸਬਾਈ ਕੀਰਤਨ ਦਾ ਸਿਖ ਧਰਮ ਵਿਚ ਕੋਈ ਥਾਂ ਨਹੀਂ ਤਾਂ :–**

(ੳ) ਰਾਤੀਂ ਸੁਆਦਿਸ਼ਟ ਖਾਣੇ ਖਾ ਕੇ, ਮਾਸ ਮਦਰਾ ਦੀ ਵਰਤੋਂ ਕਰ ਕੇ, ਵਿਕਾਰਾਂ ਵਿਚ ਰਾਤ ਕਟਣ ਦੀ ਥਾਂ ਹੋਵੇਗੀ ?

(ਅ) ਰਾਤ ਦੇ ਬਾਰ੍ਹਾਂ ਬਾਰ੍ਹਾਂ ਇਕ ਇਕ ਵਜੇ ਤਕ ਸਿਨੇਮਿਆਂ ਦੇ ਗੰਦੇ ਗੀਤ, ਆਚਰਨ-ਵਿਗਾੜੂ ਕੋਝੀਆਂ ਹਰਕਤਾਂ, ਮਨ ਵਿਚ ਵਿਕਾਰ ਪੈਦਾ ਕਰਨ ਵਾਲੇ ਸੀਨ, ਰੁਚੀਆਂ ਨੂੰ ਗੰਦੇ ਪਾਸੇ ਲੈ ਜਾਣ ਵਾਲੇ ਹਾਵ ਭਾਵ ਸ਼ਾਇਦ ਚੰਗੀ ਥਾਂ ਰਖਦੇ ਹੋਣਗੇ ?

(ੲ) ਟੀ. ਵੀ. (ਟੀ. ਬੀ. ਦੀ ਬੀਮਾਰੀ) ਤੇ ਦੇਖੀਆਂ ਜਾ ਰਹੀਆਂ ਫ਼ਿਲਮਾਂ ਦੇ ਲੁਟੇਰੇ ਤੇ ਡਕੈਤ ਬਣਾਣ ਵਾਲੇ ਨਜ਼ਾਰੇ ਸ਼ਾਇਦ ਸਿਖ ਧਰਮ ਵਿਚ ਮਨਜ਼ੂਰ ਹੋਣ ?

''ਸਿਖ ਧਰਮ ਵਿਚ ਰਾਤੀਂ ਜਾਗਣਾ''–

(ੳ) ਕੀ ਗੁਰਬਾਣੀ ਦੇ ਇਸ ਪ੍ਰਮਾਣ ਨੂੰ ਨਜ਼ਰ ਅੰਦਾਜ਼ ਕੀਤਾ ਜਾ ਸਕਦਾ ਹੈ ?–

ਜਾਗਨਾ ਜਾਗਨੁ ਨੀਕਾ ਹਰਿ ਕੀਰਤਨ ਮਹਿ ਜਾਗਨਾ ॥ (ਮਾਰੂ ਮ: ੫, ਪੰਨਾ ੧੦੧੮)

ਕੀ ਜਾਗਣਾ ਰਾਤ ਦਾ ਮੰਨਿਆ ਗਿਆ ਹੈ ਜਾਂ ਦਿਨ ਦਾ ? ਦਿਨ ਨੂੰ ਤਾਂ ਹਰ ਕੋਈ ਜਾਗਦਾ ਹੈ। ਇਹ ਹੁਕਮ ਹਰੀ-ਕੀਰਤਨ ਵਿਚ ਰਾਤ ਨੂੰ ਜਾਗਣ ਦਾ ਸਪੱਸ਼ਟ ਇਸ਼ਾਰਾ ਦੇ ਰਿਹਾ ਹੈ।

(ਅ) ਗੁਰਮਤਿ ਦੇ ਮਹਾਨ ਫ਼ਿਲਾਸਫ਼ਰ ਭਾਈ ਗੁਰਦਾਸ ਜੀ ਨੇ ਵਾਰਾਂ ਵਿਚ ਰਾਜੇ ਹਰੀ ਚੰਦ ਦੀ ਰਾਣੀ ਦਾ ਰਾਤ ਨੂੰ ਰੈਣ-ਸਬਾਈ ਕੀਰਤਨ ਵਿਚ ਜਾਣ, ਪਿਛੋਂ ਅੱਧੀ ਰਾਤੀ ਜਾਗ ਕੇ ਰਾਜੇ ਵਲੋਂ ਪਿੱਛਾ ਕਰਨ ਤੇ ਖੜਾਉਂ ਚੁਕ ਕੇ ਲਿਆਉਣ ਦਾ ਪ੍ਰਸੰਗ ਦਿੱਤਾ ਹੈ, ਕੀ ਇਹ ਅਤਿਕਥਨੀ ਹੈ ?–

'ਸੁਖੁ ਰਾਜੇ ਹਰੀ ਚੰਦ ਘਰਿ ਨਾਰਿ ਸੁ ਤਾਰਾ ਲੋਚਨ ਰਾਣੀ ॥
ਸਾਧ ਸੰਗਤਿ ਮਿਲ ਗਾਵਦੇ ਰਾਤੀ ਜਾਇ ਸੁਣੈ ਗੁਰਬਾਣੀ ॥



www.AKJ.Org

ਪਿਛੋਂ ਰਾਜਾ ਜਾਗਿਆ ਅੱਧੀ ਰਾਤਿ ਨਿਖੰਡਿ ਵਿਹਾਣੀ ॥...੬॥(੧੦)

ਕੀ ਇਸ ਪ੍ਰਸੰਗ ਤੋਂ ਸਿਰ ਫੇਰਿਆ ਜਾ ਸਕਦਾ ਹੈ ?—'ਰਾਤੀ ਜਾਇ ਸੁਣੈ ਗੁਰਬਾਣੀ' ਅਤੇ 'ਅੱਧੀ ਰਾਤ ਨਿਖੰਡਿ ਵਿਹਾਣੀ' ਦਾ ਕੀ ਅਰਥ ਹੈ ? ਕੀ ਇਹ ਪ੍ਰਸੰਗ ਰੈਣ ਸਬਾਈ ਕੀਰਤਨ ਦੀ ਗੁਆਹੀ ਨਹੀਂ ਭਰਦਾ, ਜੋ ਸਾਢੇ ਤਿੰਨ ਸੌ ਸਾਲ ਪਹਿਲੇ ਦੀ ਸਾਖ ਹੈ ?

ਕੀ ਰਾਤੀਂ ਗੁਰਬਾਣੀ ਦਾ ਕੀਰਤਨ ਕਰਨਾ ਦਿਖਾਵਾ ਢੌਂਗ ਤੇ ਮਨਮਤਿ ਹੈ ? ਤਾਂ ਗੁਰਮਤਿ ਕਿਹੜੀ ਹੈ ? ਇਹ ਅਟੱਲ ਸਚਾਈ ਹੈ ਕਿ ਜਿਨ੍ਹਾਂ ਗੁਰਸਿੱਖਾਂ ਨੇ ਰੈਣ-ਸਬਾਈ ਕੀਰਤਨਾਂ ਦੇ ਆਨੰਦ ਮਾਣੇ ਤੇ ਮਾਣਨੇ ਹਨ, ਉਨ੍ਹਾਂ ਨੂੰ ਇਸ ਰਾਹ ਤੋਂ ਕੋਈ ਨਹੀਂ ਹਟਾ ਸਕਦਾ। ਉਨ੍ਹਾਂ ਦੇ ਵਿਸਮਾਦੀ ਰੰਗਾਂ ਵਿਚ ਰੰਗੀਜੇ ਮਨ ਨੂੰ ਕੌਣ ਤੱਕ ਸਕਦਾ ਹੈ, ਤੇ ਉਨ੍ਹਾਂ ਦੀ ਚਲੂਲੀ ਅਵਸਥਾ ਦਾ ਕੌਣ ਬਿਆਨ ਕਰ ਸਕਦਾ ਹੈ, "ਕਹੁ ਕਬੀਰ ਗੂੰਗੈ ਗੁੜੁ ਖਾਇਆ ਪੂਛੇ ਤੇ ਕਿਆ ਕਹੀਐ"।* ਉਸ ਅਰਸ਼ੀ ਮੰਡਲ ਵਿਚ ਇਸਥਿਤ ਹੋਈਆਂ ਸੰਗਤਾਂ ਦੀ ਸੋਭਾ ਕਲਮ ਲਿਖ ਹੀ ਨਹੀਂ ਸਕਦੀ ਤੇ ਨਾ ਹੀ ਜ਼ੁਬਾਨ ਵਿਚ ਉਸਤਤਿ ਕਰਨ ਦੀ ਤਾਕਤ ਹੈ—

"ਕਹਿਬੇ ਕਉ ਸੋਭਾ ਨਹੀ ਦੇਖਾ ਹੀ ਪਰਵਾਨੁ ॥" (੧੩੭੦)

ਜਦੋਂ ਉਚੀਆਂ ਸੁਰਾਂ ਤੇ ਮਿਠੀਆਂ ਲੈਆਂ ਵਿਚ ਗੁਰਬਾਣੀ ਗਾਇਨ ਹੁੰਦੀ ਤੇ "ਵਾਹਿਗੁਰੂ" ਨਾਮ ਦੀ ਨਿਰੰਤਰ ਧੁਨੀ ਉਠਦੀ ਹੈ ਤਾਂ ਸਾਰਾ ਚੋਗਿਰਦਾ ਧਰਤ ਆਕਾਸ਼ ਦੇ ਹਰ ਜ਼ੱਰੇ ਤੇ ਹਰ ਅਣੂ ਵਿਚੋਂ ਨਿਰੰਕਾਰ ਦੀ ਸਿਫਤ ਹੁੰਦੀ ਸੁਣਾਈ ਦੇਂਦੀ ਹੈ।

੨.੧੦.੭੬ ਰੈਣ-ਸਬਾਈ ਦਿੱਲੀ ਪ੍ਰੋਗਰਾਮ ਵਿਚ ਇਕ ਗੁਰੂ ਕੇ ਕੀਰਤਨੀਏ ਦੇ ਗਾਵੇਂ ਸ਼ਬਦ "ਤੂੰ ਸੁਣਿ ਹਰਨਾ ਕਾਲਿਆ ਕੀ ਵਾੜੀਐ ਰਾਤਾ ਰਾਮ"** ਤੇ ਨਾਲ ਮਨ ਨੂੰ ਟੁੰਬਣ ਤੇ ਵਿਕਾਰਾਂ ਚੋਂ ਕਢ ਕੇ ਰੱਬੀ ਰਾਹ ਤੇ ਲਿਆਉਣ ਵਾਲੇ ਗੁਰਬਾਣੀ-ਪ੍ਰਮਾਣਾਂ ਨੇ ਹਿਰਦੇ ਵਿੰਨ੍ਹ ਦਿਤੇ ਸਨ। ਸਾਰੀ ਸੰਗਤ ਦੇ ਨੇਤਰ ਸਜਲ ਸਨ, ਮਨ ਦੇ ਆਖੇ ਲਗ ਕੇ ਮੰਦ ਕਰਮ ਕਰਨ ਵਾਲਿਆਂ ਦੇ ਹਿਰਦਿਆਂ ਦੇ ਕੜ ਪਾਟ ਰਹੇ ਸਨ।

੨੨.੧੦.੭੭ ਸੰਤ ਸਰੂਪ ਗੁਰੂ ਦੇ ਲਾਲ ਦਾ ਰੱਬੀ ਕੀਰਤਨ, ਸੁਰਤਾਂ ਟੁੰਬਣ ਵਾਲਾ ਕੀਰਤਨ ਸੀ। "ਮੰਞੁ ਕੁਚਜੀ ਅੰਮਾਵਣਿ ਡੋਸੜੇ ਹਉ ਕਿਉ ਸਹੁ ਰਾਵਣਿ ਜਾਉ ਜੀਉ"*** ਅਤੇ "ਰੇ ਮੂੜੇ ਤੂ ਹੋਛੈ ਰਸਿ ਲਪਟਾਇਓ"† ਸ਼ਬਦਾਂ ਦੀ ਸ੍ਰੋਤ ਸਮੇਂ ਸੰਗਤਾਂ ਤੇ ਵਿਸਮਾਦ ਦਸ਼ਾ ਛਾਈ ਹੋਈ ਸੀ। "ਰਹਿਤ ਬਿਨਾ ਨਰ ਨਰਕੇ ਜਾਈ" ਨਾਲ ਢੁਕਦੇ ਗੁਰਬਾਣੀ ਪ੍ਰਮਾਣ ਮੂੰਹੋਂ ਮੂੰਹ ਚਪੇੜਾਂ ਲਗਦੀਆਂ ਅਨੁਭਵ ਹੋ ਰਹੀਆਂ ਸਨ।

ਇਨ੍ਹਾਂ ਸਤਸੰਗ ਮੰਡਲਾਂ ਵਿਚ ਬੈਠ ਕੇ ਸ੍ਰਵਣ ਕਰਨ ਵਾਲੇ ਨੂੰ ਹੀ ਪ੍ਰਤੀਤ ਹੁੰਦਾ ਹੈ ਕਿ ਬਾਣੀ ਦੇ ਅਣਿਆਲੇ ਤੀਰ ਕਿਵੇਂ ਹਿਰਦਿਆਂ ਨੂੰ ਵਿੰਨ੍ਹ ਕੇ ਨਾਮ ਰੂਪੀ ਅੰਮ੍ਰਿਤ ਦਾ ਸੰਚਾਰ ਕਰਦੇ ਹਨ।

ਜਿਥੋਂ ਤਕ ਮੇਰਾ ਵਿਚਾਰ ਹੈ, ਇਨ੍ਹਾਂ ਰੈਣ-ਸਬਾਈ ਕੀਰਤਨਾਂ ਦੀ ਪ੍ਰਥਾ ਨੇ ਹਜ਼ਾਰਾਂ ਗੁਰਸਿੱਖਾਂ ਨੂੰ ਗੁਰਬਾਣੀ ਨਾਲ ਜੋੜਿਆ ਤੇ ਗੁਰਸਿੱਖੀ ਜੀਵਨ-ਜੁਗਤ ਪ੍ਰਦਾਨ ਕੀਤੀ ਹੈ। ਸਮਾਗਮਾਂ ਵਿਚ ਅਜਿਹੇ ਗੁਰਬਾਣੀ ਦੇ ਆਸ਼ਕਾਂ ਸਾਦਕਾਂ ਦੇ ਇਨ੍ਹਾਂ ਅੱਖਾਂ (ਲੇਖਕ) ਨੇ ਦਰਸ਼ਨ ਕੀਤੇ ਹਨ, ਜਿਨ੍ਹਾਂ ਨੇ ੧੦ ਵਜੇ ਤੋਂ ਚੋਂਕੜਾ ਮਾਰ ਕੇ ਸਵੇਰ ਤਕ ਗੋਡਾ ਤਕ ਨਹੀਂ ਹਿਲਾਇਆ ਤੇ 'ਨਾਦ ਕੁਰੰਕਹਿ ਬੇਧਿਆ"‡ ਵਾਂਗ ਨਿਰੰਤਰ ਬੈਠ ਕੇ ਇਕ-ਰਸ ਸ੍ਰਵਣ ਕਰਦਿਆਂ ਅੰਮ੍ਰਿਤ ਵੇਲੇ ਪੰਜ ਵਜੇ ਜਦੋਂ "ਕੀਰਤਨ ਹੋਆ ਰੈਣਿ ਸਬਾਈ"‡‡ ਦੀਆਂ ਵਾਜਾਂ ਕੰਨੀਂ ਪਈਆਂ ਤਾਂ ਅੱਖਾਂ ਖੋਲ੍ਹੀਆਂ।

ਇਹ ਅਤਿਕਥਨੀ ਨਹੀਂ ਕਿ ਇਹ ਰੈਣ ਸਬਾਈ ਕੀਰਤਨਾਂ ਦੀਆਂ ਗੁੰਜਾਰਾਂ ਪਾਣ ਵਾਲੇ ਰਹਿਤ ਬਹਿਤ

[ਬਾਕੀ ਦੇਖੋ ਸਫ਼ਾ ੩੦ ਦੇ ਹੇਠ]

*ਗਉੜੀ ਪੰਨਾ (੩੩੪)। **ਆਸਾ ਮ: ੧ ਪੰਨਾ (੪੩੮)। ***ਸੂਹੀ ਮ: ੧ (੭੬੨)।
†ਮਾਰੂ ਮ: ੫ (੧੦੧੭)। ‡ਜੈਤਸਰੀ ਦੀ ਵਾਰ, ਪੰਨਾ (੭੦੮)। ‡‡ਭਾਈ ਗੁਰਦਾਸ ਜੀ ਵਾਰ ੧੦, ਪ: ੧੬



www.AKJ.Org

# ਸ਼ਹੀਦ ਭਾਈ ਮਤੀ ਦਾਸ

[ਵਲੋਂ—ਗਿਆਨੀ ਭਜਨ ਸਿੰਘ ਜੀ ਲੇਖਕ 'ਸਾਡੇ ਸ਼ਹੀਦ']

ਭਾਰਤ ਦੀ ਰਾਜਧਾਨੀ ਦਿਲੀ ਵਿਚ ਲਾਲ ਕਿਲ੍ਹੇ ਤੋਂ ਥੋਹੜੀ ਦੂਰ ਗੁਰਦਵਾਰਾ ਸੀਸ ਗੰਜ ਸਾਹਿਬ ਦੇ ਸਾਹਮਣੇ ਬਣੇ ਵਡੇ ਫੁਹਾਰੇ ਵਾਲੀ ਥਾਂ, ਸਿੱਖ ਸ਼ਹੀਦ ਦੇ ਖੂਨ ਨਾਲ ਰੰਗੀ ਹੋਈ ਹੈ। ਇਹ ਥਾਂ ਉਹ ਹੈ ਜਿਥੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਨਾਲ ਆਏ, ਉਸ ਸਮੇਂ ਦੇ ਮਹਾਨ ਵਿਅਕਤੀ ਭਾਈ ਮਤੀ ਦਾਸ ਨੂੰ ਮੁਗਲ ਸਰਕਾਰ ਤੇ ਕਾਜ਼ੀਆਂ ਦੇ ਹੁਕਮ ਨਾਲ ਸ਼ਹੀਦ ਕੀਤਾ ਗਿਆ। ਹਜ਼ਾਰਾਂ ਲੋਕਾਂ ਦੀ ਹਾਜ਼ਰੀ ਵਿਚ ਆਰਾ ਸੀਸ ਤੇ ਰਖ ਕੇ ਇਉਂ ਫੇਰਿਆ ਗਿਆ ਜਿਵੇਂ ਮੋਛੇ ਨੂੰ ਦੋਫਾੜ ਕੀਤਾ ਜਾਂਦਾ ਹੈ; ਪਰ ਸਦਕੇ ਜਾਈਏ ਉਸ ਮਹਾਨ ਆਤਮਾ ਦੇ, ਜਿਸ ਦੀਆਂ ਅੱਖਾਂ ਵਿਚੋਂ ਦਰਦ ਨਾਲ ਇਕ ਹੰਝੂ ਨਹੀਂ ਕਿਰਿਆ, ਗਲੇ ਵਿਚੋਂ ਹਉਕਾ ਨਹੀਂ ਆਇਆ, ਸਰੀਰ ਵਿਚ ਜ਼ਰਾ ਵੀ ਕਾਂਬਾ ਨਹੀਂ ਛਿੜਿਆ। ਮਨ ਡੋਲਿਆ ਨਹੀਂ ਤੇ ਜਪੁਜੀ ਸਾਹਿਬ ਦਾ ਪਾਠ ਕਰਦਿਆਂ ਧਿਆਨ ਨਹੀਂ ਥਿੜਕਿਆ, ਅਤੇ ਉਸ ਸਮੇਂ ਤਕ ਬਿਰਤੀ ਇਕ ਰਹੀ ਜਦ ਤਕ ਕਿ ਆਰੇ ਨੇ ਸਰੀਰ ਦੋਫਾੜ ਨਹੀਂ ਕਰ ਦਿਤਾ ਤੇ ਆਤਮਾ ਰੂਪੀ ਭੌਰਾ ਰੁਖ ਤੋਂ ਉਡਾਰੀ ਨਹੀਂ ਮਾਰ ਗਿਆ। ਦੁਨੀਆ ਦਾ ਇਤਿਹਾਸ ਇਸ ਤਰ੍ਹਾਂ ਦੀ ਬਲਵਾਨ ਸ਼ਹੀਦੀ ਦੀ ਮਿਸਾਲ ਵੀ ਪੈਦਾ ਨਹੀਂ ਕਰ ਸਕਿਆ, ਜਿਸ ਤਰ੍ਹਾਂ ਦੀ ਸਿਖ ਇਤਿਹਾਸ ਵਿਚ ਗੁਰੂ ਸਾਹਿਬਾਨ ਤੇ ਉਨ੍ਹਾਂ ਦੇ ਸਿਖਾਂ ਨੇ ਆਪਾ ਵਾਰ ਕੇ ਪੈਦਾ ਕੀਤੀ।

ਜਿਹਲਮ ਜ਼ਿਲੇ ਵਿਚ ਚਕਵਾਲ ਤੋਂ ਛੇ ਮਲ ਦੂਰ ਕਟਾਸ ਰਾਜ ਵਾਲੀ ਸੜਕ ਤੇ ਨਗਰ ਕਰਿਆਲਾ ਹੈ, ਜੋ ਸੁੰਦਰਤਾ ਤੇ ਦਿਲ ਖਿਚਵੇਂ ਨਜ਼ਾਰਿਆਂ ਦੇ ਪਖੋਂ ਧਨੀ ਪੋਠੋਹਾਰ ਵਿਚ ਖਾਸ ਪ੍ਰਸਿਧ ਹੈ। ਆਸ ਪਾਸ ਪਹਾੜੀਆਂ ਦੇ ਸੁੰਦਰ ਦ੍ਰਿਸ਼ ਹਨ। ਇਸ ਇਲਾਕੇ ਨੂੰ ਧਨੀ ਕਿਹਾ ਜਾਂਦਾ ਹੈ। ਸਚਮੁਚ ਹੀ ਕੁਦਰਤੀ ਦ੍ਰਿਸ਼ਾਂ ਕਰਕੇ ਇਹ ਇਲਾਕਾ ਬਹੁਤ ਹੀ ਸੁਹਣਾ ਹੈ। ਵਸੋਂ ਬਹੁਤੀ ਮੁਸਲਮਾਨੀ ਹੈ ਤੇ ਪਹਿਲਾਂ ਕੋਈ ਵਿਰਲਾ ਵਿਰਲਾ ਹੀ ਹਿੰਦੂ ਪਰਵਾਰ ਰਿਹਾ ਕਰਦਾ ਸੀ, ਪਰ ਫਿਰ ਵਸੋਂ ਵਧ ਗਈ। ੧੯੪੭ ਵਿਚ ਹਿੰਦੂ ਵਸੋਂ ਉਠ ਕੇ ਭਾਰਤ ਆ ਗਈ। ਭਾਈ ਮਤੀ ਦਾਸ ਜੀ ਇਸੇ ਸੋਹਣੇ ਇਲਾਕੇ ਦੇ ਜੰਮ-ਪਲ ਸਨ, ਜਿਨ੍ਹਾਂ ਆਪਣੀ ਕੁਰਬਾਨੀ

---

[ਸਫ਼ਾ ੨੯ ਦੀ ਬਾਕੀ]

ਦੇ ਧਾਰਨੀ ਗੁਰਸਿੱਖ, ਖੜਗਧਾਰੀ ਖ਼ਾਲਸੇ, ਦਰਸ਼ਨੀ ਚੇਹਰਿਆਂ ਵਾਲੇ, 'ਖਾਣਾ ਖਾਜ ਅਹਾਜ' ਦੇ ਚਸਕਿਆਂ ਤੋਂ ਕੋਹਾਂ ਦੂਰ, ਅੰਮ੍ਰਿਤ ਭੋਜਨ-ਆਹਾਰੀ, ਗੁਰੂ ਬਖ਼ਸ਼ਸ਼ਾਂ ਮਿਹਰਾਂ ਦੇ ਪਾਤਰ ਉਹ ਗੁਰਸਿਖ ਹੁੰਦੇ ਹਨ, ਜੋ ਨਿਰਚਾਹ ਹੋ ਕੇ ਸੰਗਤਾਂ ਨੂੰ ਕੀਰਤਨ ਸ੍ਰਵਣ ਕਰਾਂਦੇ ਅਤੇ ਦਸਾਂ ਨਹੁੰਆਂ ਦੀ ਕਿਰਤ ਕਰ ਕੇ ਆਪਣਾ ਜੀਵਨ-ਨਿਰਬਾਹ ਕਰਦੇ ਹਨ।

ਇਹ ਕਹਿਣੋਂ ਵੀ ਸੰਕੋਚ ਨਹੀਂ ਕੀਤਾ ਜਾ ਸਕਦਾ ਕਿ ਇਨ੍ਹਾਂ ਰੈਣ ਸਬਾਈ ਕੀਰਤਨਾਂ ਤੋਂ ਪ੍ਰੇਰਤ ਹੋ ਕੇ ਅਨੇਕਾਂ ਹੀ ਪ੍ਰਾਣੀ ਗੁਰੂ ਵਾਲੇ ਬਣੇ, ਖੰਡੇ-ਧਾਰ ਪਾਹੁਲ ਛਕ ਕੇ ਕਲਗੀਆਂ ਵਾਲੇ ਦੀਆਂ ਖੁਸ਼ੀਆਂ ਪ੍ਰਾਪਤ ਕੀਤੀਆਂ ਤੇ ਆਪਣਾ ਅਗੋਂ ਦਾ ਜੀਵਨ ਰਹਿਤ ਬਹਿਤ ਵਿਚ ਪ੍ਰਪੱਕ ਹੋ ਕੇ ਗੁਜ਼ਾਰਨ ਦਾ ਦ੍ਰਿੜ੍ਹ ਨਿਸਚਾ ਕਰ ਗਏ।

ਵਿਚਾਰਨ ਵਾਲੀ ਗੱਲ ਹੈ ਕਿ ਕੌਮ ਨੂੰ ਮਾੜੇ ਕੰਮਾਂ ਤੋਂ ਵਰਜਣ ਲਈ ਸੇਧ ਦੇਣੀ ਮੁਬਾਰਕ ਹੈ, ਪਰ ਚੰਗੇ ਤੇ ਉਸਾਰੂ ਕਾਰਜਾਂ ਤੇ ਟੀਕਾ ਟਿਪਣੀ ਕਰਨੀ ਸਿਆਣਪ ਨਹੀਂ। ਵਿਚਾਰਾਂ ਦੇ ਮਤਭੇਦ ਸਾਹਮਣੇ ਰਖ ਕੇ ਕਿਸੇ ਚਲਦੀ ਚੰਗੀ ਪਰਪਾਟੀ ਦੇ ਵਿਰੁਧ ਪ੍ਰਚਾਰ ਕਰਨਾ ਸ਼ੋਭਾ ਨਹੀਂ ਦੇਂਦਾ। ਹਾਂ ਕੌਮ ਵਿਚ ਸ਼ਰਾਬ ਤੇ ਹੋਰ ਨਸ਼ੇ ਸੇਵਨ, ਫੋਕਟ ਰਸਮਾਂ ਦੇ ਵਿਰੁਧ ਡਟ ਕੇ ਲਿਖਣ ਦੀ ਲੋੜ ਹੈ। ਜਜ਼ਬਾਤ ਦੇ ਲੋਰ ਵਿਚ ਲਿਖੀਆਂ ਗੱਲਾਂ ਬਹਿਸ ਦਾ ਵਿਸ਼ਾ ਬਣ ਜਾਂਦੀਆਂ ਹਨ, ਇਨ੍ਹਾਂ ਤੋਂ ਲੇਖਕਾਂ ਨੂੰ ਬਚਣ ਦੀ ਲੋੜ ਹੈ।



www.AKJ.Org

ਨਾਲ ਜਿਥੇ ਆਪਣਾ ਨਾਮ ਰੌਸ਼ਨ ਕੀਤਾ, ਉਥੇ ਇਲਾਕੇ ਦੀ ਸ਼ੋਭਾ ਵੀ ਵਧਾਈ।

ਭਾਈ ਮਤੀ ਦਾਸ ਜੀ ਦੇ ਪਿਛਲੇ ਖ਼ਾਨਦਾਨ ਬਾਰੇ ਜਾਣਕਾਰੀ ਬਹੁਤੀ ਨਹੀਂ ਮਿਲਦੀ। ਸਿਰਫ਼ ਇਕ ਹੀ ਪਤਾ ਲਗਦਾ ਹੈ ਕਿ ਆਪ ਦੇ ਦਾਦਾ ਜੀ ਦਾ ਨਾਮ ਮਹਾਤਮਾ ਗੌਤਮ ਦਾਸ ਸੀ, ਜੋ ਇਲਾਕੇ ਵਿਚ ਮੰਨੇ ਪ੍ਰਮੰਨੇ ਵਿਅਕਤੀ ਸਨ। ਦੂਰ ਦੂਰ ਤੋਂ ਲੋਕੀਂ ਉਨ੍ਹਾਂ ਦੇ ਦਰਸ਼ਨ ਕਰਨ ਤੇ ਗੱਲਬਾਤ ਕਰ ਕੇ ਜੀਵਨ-ਜੁਗਤੀ ਸਮਝਣੇ ਲਈ ਆਇਆ ਕਰਦੇ ਸਨ। ਉਨ੍ਹਾਂ ਦਾ ਸ੍ਰੀ ਗੁਰੂ ਅਰਜਨ ਦੇਵ ਜੀ ਨਾਲ ਮੇਲ ਹੋਇਆ ਤੇ ਦਰਸ਼ਨ ਕਰ ਕੇ ਗੋਤਮ ਦਾਸ ਜੀ ਸਿੱਖ ਬਣ ਗਏ।

ਮਹਾਤਮਾ ਗੋਤਮ ਦਾਸ ਦਾ ਇਕ ਪੁੱਤਰ ਸੀ, ਜਿਸ ਦਾ ਨਾਮ ਭਾਈ ਪਰਾਗਾ ਸੀ। ਇਹ ਬੜਾ ਦਲੇਰ ਤੇ ਪਹਿਲਵਾਨ ਸੀ। ਪਿੰਡ ਵਿਚ ਹੀ ਨਹੀਂ, ਇਲਾਕੇ ਸਾਰੇ ਵਿਚ ਇਸਦਾ ਮੁਕਾਬਲਾ ਕੋਈ ਨਹੀਂ ਸੀ ਕਰ ਸਕਦਾ। ਜਦ ਗੁਰੂ ਹਰਿਗੋਬਿੰਦ ਸਾਹਿਬ ਨੇ ਮੀਰੀ ਪੀਰੀ ਦੀਆਂ ਦੋ ਤਲਵਾਰਾਂ ਪਹਿਨ ਲਈਆਂ ਤੇ ਬਾਕਾਇਦਾ ਫ਼ੌਜ ਰੱਖਣ ਦਾ ਐਲਾਨ ਕਰ ਦਿਤਾ ਤਾਂ ਭਾਈ ਪਰਾਗਾ ਵੀ ਗੁਰੂ ਸਾਹਿਬ ਦੇ ਚਰਨਾਂ ਵਿਚ ਹਾਜ਼ਰ ਹੋਇਆ ਤੇ ਆਪਣੇ ਆਪ ਨੂੰ ਸੇਵਾ ਲਈ ਪੇਸ਼ ਕਰ ਦਿਤਾ। ਸੋਹਣਾ ਜਵਾਨ ਤੇ ਨੇਕ ਪਿਤਾ ਦਾ ਪੁੱਤਰ ਦੇਖ ਕੇ ਗੁਰੂ ਸਾਹਿਬ ਖੁਸ਼ ਹੋਏ ਤੇ ਇਕ ਦਸਤੇ ਦਾ ਮੁੱਖੀ ਨੀਯਤ ਕਰ ਦਿਤਾ। ਜਦ ਹਰਿਗੋਬਿੰਦਪੁਰ ਨੇੜੇ ਗੁਰੂ ਸਾਹਿਬ ਨੇ ਦੂਜੀ ਲੜਾਈ ਲੜੀ ਤਾਂ ਉਸ ਸਮੇਂ ਭਾਈ ਪਰਾਗਾ ਜੀ ਨੇ ਖ਼ਾਸ ਬਹਾਦਰੀ ਦਿਖਾਈ।

ਆਪ ਦੇ ਚਾਰ ਪੁੱਤਰ ਸਨ, ਜਿਨ੍ਹਾਂ ਵਿਚੋਂ ਇਕ ਭਾਈ ਮਤੀ ਦਾਸ ਜੀ ਸਨ, ਜੋ ਦਿਲੀ ਆ ਕੇ ਸ਼ਹੀਦ ਹੋਏ। ਇਹ ਮੁਢ ਤੋਂ ਹੀ ਬੜੇ ਸ਼ਰਧਾਲੂ ਤੇ ਨਾਮ ਰਸੀਏ ਸਨ, ਪਰ ਸ੍ਰੀ ਗੁਰੂ ਤੇਗ ਬਹਾਦਰ ਜੀ ਮਹਾਰਾਜ ਲੰਮੀ ਤਪੱਸਿਆ ਪਿਛੋਂ ਜਦ ਬਾਬਾ ਬਕਾਲੇ ਵਿਚ ਪ੍ਰਗਟ ਹੋਏ ਤੇ ਗੁਰਗੱਦੀ ਸੰਭਾਲੀ ਤਾਂ ਉਸ ਸਮੇਂ ਦੂਰ ਦੂਰ ਤੋਂ ਸਿੱਖ ਸੰਗਤਾਂ ਉਨ੍ਹਾਂ ਦੇ ਦਰਸ਼ਨਾਂ ਨੂੰ ਆਈਆਂ। ਧੰਨੀ ਪੋਠੋਹਾਰ ਦੀ ਸੰਗਤ ਵੀ ਇਕੱਠੀ ਹੋ ਕੇ ਆਈ। ਭਾਈ ਮਤੀ ਦਾਸ ਵੀ ਇਸ ਸਮੇਂ ਦਰਸ਼ਨ ਕਰਨ ਲਈ ਆਏ। ਗੁਰੂ ਤੇਗ ਬਹਾਦਰ ਜੀ ਦੇ ਦਰਸ਼ਨ ਕਰ ਕੇ ਆਪ ਨੂੰ ਆਤਮਕ ਤੇ ਮਾਨਸਕ ਸ਼ਾਂਤੀ ਪ੍ਰਾਪਤ ਹੋਈ। ਜੀਵਨ ਵਿਚ ਹੋਰ ਪਲਟਾ ਆਇਆ ਤੇ ਭਾਈ ਜੀ ਨੇ ਗੁਰੂ ਚਰਨਾਂ ਵਿਚ ਹੀ ਰਹਿ ਕੇ ਸੇਵਾ ਕਰਨ ਤੇ ਸਦਾ ਦਰਸ਼ਨ ਕਰ ਕੇ ਆਪਣਾ ਜੀਵਨ-ਕਲਿਆਨ ਕਰਨ ਦੀ ਧਾਰ ਲਈ।

ਕਾਫ਼ੀ ਸਮਾ ਆਪ ਨੇੜੇ ਰਹਿਣ ਕਾਰਨ ਗੁਰੂ ਘਰ ਦੇ ਪ੍ਰਬੰਧ ਵਿਚ ਆਪ ਨੂੰ ਖਾਸ ਜ਼ਿਮੇਵਾਰੀ ਸੌਂਪੀ ਗਈ। ਜਦ ਗੁਰੂ ਤੇਗ ਬਹਾਦਰ ਜੀ ਬਿਹਾਰ ਤੋਂ ਹੁੰਦੇ ਆਸਾਮ ਵਲ ਦੌਰੇ ਤੇ ਗਏ ਤਾਂ ਉਸ ਸਮੇਂ ਵੀ ਭਾਈ ਮਤੀ ਦਾਸ ਜੀ ਉਨ੍ਹਾਂ ਦੇ ਨਾਲ ਗਏ।

ਫਿਰ ਉਹ ਸਮਾਂ ਆ ਗਿਆ ਜਦੋਂ ਸਿੱਖਾਂ ਦੀ ਲੋਕ-ਲਹਿਰ ਫਿਰ ਇਕ ਵਾਰ ਜਬਰ ਜ਼ੁਲਮ ਨਾਲ ਟੱਕਰ ਲੈਣ ਲਈ ਤਿਆਰ ਹੋ ਗਈ। ਔਰੰਗਜ਼ੇਬ ਨੇ ਹਕੂਮਤ ਦੇ ਡੰਡੇ ਨਾਲ ਲੋਕਾਂ ਨੂੰ ਆਪਣਾ ਧਾਰਮਕ ਵਿਸ਼ਵਾਸ ਬਦਲਣ ਲਈ ਮਜਬੂਰ ਕਰਨਾ ਸ਼ੁਰੂ ਕੀਤਾ, ਉਨ੍ਹਾਂ ਨੂੰ ਮੌਤ ਦੇ ਘਾਟ ਉਤਾਰਨਾ ਸ਼ੁਰੂ ਕਰ ਦਿਤਾ। ਹਜ਼ਾਰਾਂ ਮੁਟਿਆਰਾਂ ਦੇ ਸੁਹਾਗ ਖੋਹੇ ਗਏ। ਲੱਖਾਂ ਮਾਸੂਮਾਂ ਦੇ ਸਿਰਾਂ ਤੋਂ ਮਾਪਿਆਂ ਦਾ ਸਾਇਆ ਉਠਾ ਦਿਤਾ ਗਿਆ। ਇਹ ਸਾਫ਼ ਧੱਕਾ ਸੀ। ਅਜਿਹਾ ਅਨਿਆਏ ਸੀ, ਜਿਸ ਨੂੰ ਸਿੱਖਾਂ ਵਰਗੇ ਸੰਤ ਸਿਪਾਹੀ ਬਰਦਾਸ਼ਤ ਨਹੀਂ ਸਨ ਕਰ ਸਕਦੇ। ਗੁਰੂ ਤੇਗ ਬਹਾਦਰ ਸਾਹਿਬ ਨੇ ਇਸ ਜ਼ੁਲਮ ਤੇ ਲੋਕ-ਵਿਰੋਧੀ ਸ਼ਕਤੀ ਵਿਰੁਧ ਦੇਸ਼ ਦੇ ਲੱਖਾਂ ਲੋਕਾਂ ਦੀ ਆਤਮਾ ਨੂੰ ਝੰਜੋੜਨ ਲਈ ਆਪਣਾ ਬਲੀਦਾਨ ਦੇਣ ਦਾ ਫ਼ੈਸਲਾ ਕਰ ਲਿਆ। ਥਾਂ ਥਾਂ ਜਾ ਕੇ ਉਨ੍ਹਾਂ ਨੇ ਲੋਕਾਂ ਨੂੰ ਪਰੇਰਨਾ ਕੀਤੀ ਤੇ ਇਹੀ ਉਪਦੇਸ਼ ਦਿਤਾ ਕਿ ਤੁਸੀਂ ਨਾ ਕਿਸੇ ਨੂੰ ਡਰਾਓ ਤੇ ਨਾ ਹੀ ਕਿਸੇ ਦਾ ਡਰ ਮਹਿਸੂਸ ਕਰੋ। ਇਸ ਪਰਚਾਰ ਸਮੇਂ ਬਹੁਤ ਸਾਰੀ ਸੰਗਤ ਆਪ ਦੇ ਨਾਲ ਹੀ ਪੰਜਾਬ ਤੋਂ ਦਿੱਲੀ ਵਲ ਨੂੰ ਤੁਰ ਪਈ। ਗੁਰੂ ਸਾਹਿਬ ਨੇ ਰਾਹ ਵਿਚ ਸਾਰੀ ਸੰਗਤ ਨੂੰ ਵਿਦਾ ਕਰ ਦਿਤਾ, ਕਿਉਂਕਿ



www.AKJ.Org

ਹੁਣ ਕੇਵਲ ਉਨ੍ਹਾਂ ਨੂੰ ਨਾਲ ਲਿਜਾਣਾ ਸੀ, ਜੋ ਇਮਤਿਹਾਨ ਦੇ ਕਰੜੇ ਪਰਚੇ ਨੂੰ ਚੰਗੀ ਤਰ੍ਹਾਂ ਹਲ ਕਰਨ ਤੇ ਪਾਸ ਹੋਣ ਦੇ ਯੋਗ ਸਨ। ਇਸ ਸਮੇਂ ਪੰਜ ਸਿਖਾਂ ਨੂੰ ਨਾਲ ਲੈ ਕੇ ਗੁਰੂ ਤੇਗ਼ ਬਹਾਦਰ ਜੀ ਆਗਰੇ ਪਹੁੰਚ ਗਏ। ਇਹ ਪੰਜ ਸਿੱਖ ਭਾਈ ਮਤੀ ਦਾਸ, ਭਾਈ ਦਿਆਲਾ ਜੀ, ਭਾਈ ਗੁਰਦਿੱਤਾ ਜੀ, ਭਾਈ ਊਦਾ ਜੀ ਤੇ ਭਾਈ ਚੀਮਾ ਜੀ ਸਨ।

ਗੁਰੂ ਤੇਗ਼ ਬਹਾਦਰ ਜੀ ਦੀ ਗ੍ਰਿਫ਼ਤਾਰੀ ਦਾ ਹੁਕਮ ਔਰੰਗਜ਼ੇਬ ਨੇ ਜਾਰੀ ਕੀਤਾ ਹੋਇਆ ਸੀ ਤੇ ਕਾਫ਼ੀ ਸਮੇਂ ਤੋਂ ਆਪ ਦੀ ਭਾਲ ਕੀਤੀ ਜਾ ਰਹੀ ਸੀ, ਪਰ ਪਤਾ ਨਹੀਂ ਸੀ ਲਗ ਰਿਹਾ। ਆਗਰੇ ਆ ਕੇ ਗੁਰੂ ਸਾਹਿਬ ਨੇ ਜਾਣ ਕੇ ਆਪਣਾ ਆਪ ਪ੍ਰਗਟ ਕਰ ਕੇ ਹਾਕਮਾਂ ਨੂੰ ਸੂਚਿਤ ਕਰ ਦਿੱਤਾ ਤੇ ਗੁਰੂ ਤੇਗ਼ ਬਹਾਦਰ ਜੀ ਤੇ ਪੰਜੇ ਸਿੱਖ, ਜਿਨ੍ਹਾਂ ਵਿਚ ਭਾਈ ਮਤੀ ਦਾਸ ਜੀ ਵੀ ਸਨ, ਗ੍ਰਿਫ਼ਤਾਰ ਕਰ ਕੇ ਕਿਲ੍ਹੇ ਵਿਚ ਰਖੇ ਗਏ। ਉਧਰੋਂ ਦਿਲੀ ਪਤਾ ਭੇਜ ਦਿਤਾ ਗਿਆ ਤੇ ਉਥੋਂ ਆਈ ਹਦਾਇਤ ਅਨੁਸਾਰ ਪੰਜ ਸੌ ਫੌਜੀਆਂ ਦੇ ਪਹਿਰੇ ਹੇਠ ਗੁਰੂ ਤੇਗ਼ ਬਹਾਦਰ ਜੀ ਤੇ ਉਨ੍ਹਾਂ ਦੇ ਪੰਜਾਂ ਸਿੱਖਾਂ ਨੂੰ ਦਿਲੀ ਲੈ ਆਂਦਾ ਗਿਆ।

ਔਰੰਗਜ਼ੇਬ ਇਨ੍ਹਾਂ ਦਿਨਾਂ ਵਿਚ ਦਿਲੀ ਨਹੀਂ ਸੀ। ਉਹ ਹੁਕਮ ਦੇ ਗਿਆ ਸੀ ਕਿ ਗੁਰੂ ਸਾਹਿਬ ਨੂੰ ਪਹਿਲਾਂ ਜ਼ੋਰ ਦਿਤਾ ਜਾਏ ਕਿ ਉਹ ਆਪਣਾ ਧਰਮ ਛੱਡ ਦੇਣ ਤੇ ਇਸਲਾਮ ਕਬੂਲ ਕਰ ਲੈਣ। ਬਾਦਸ਼ਾਹ ਸਮਝਦਾ ਸੀ ਕਿ ਇਕ ਇਨ੍ਹਾਂ ਦੇ ਧਰਮ ਛੱਡਣ ਨਾਲ ਲੱਖਾਂ ਲੋਕਾਂ ਨੇ ਬਿਨਾਂ ਜ਼ੋਰ ਦਿਤੇ ਆਪੇ ਹੀ ਇਸਲਾਮ ਕਬੂਲ ਕਰ ਲੈਣਾ ਹੈ। ਜੇ ਗੁਰੂ ਇਸਲਾਮ ਵਿਚ ਆਉਣਾ ਨਾ ਮੰਨਣ ਤਾਂ ਉਨ੍ਹਾਂ ਨੂੰ ਤੰਗ ਕੀਤਾ ਜਾਏ। ਸਖ਼ਤੀ ਨਾਲ ਉਹਨਾਂ ਨੂੰ ਆਪਣੇ ਵਿਚਾਰ ਬਦਲਣ ਲਈ ਮਜਬੂਰ ਕੀਤਾ ਜਾਏ। ਜੇ ਫਿਰ ਵੀ ਨਾ ਮੰਨਣ ਤਾਂ ਉਨ੍ਹਾਂ ਨੂੰ ਕਤਲ ਕਰ ਦਿੱਤਾ ਜਾਏ ਤੇ ਉਨ੍ਹਾਂ ਦਾ ਸਰੀਰ ਟੁਕੜੇ ਕਰਕੇ ਸ਼ਹਿਰ ਦੇ ਦਰਵਾਜ਼ਿਆਂ ਤੇ ਲਟਕਾ ਦਿਤੇ ਜਾਣ।

ਔਰੰਗਜ਼ੇਬ ਦੇ ਵਜ਼ੀਰਾਂ, ਸ਼ਹਿਰ ਦੇ ਕੋਤਵਾਲ ਤੇ ਜਾਮਾ ਮਸਜਿਦ ਦੇ ਵੱਡੇ ਮੌਲਵੀ ਨੇ ਕਾਫ਼ੀ ਦਿਨ ਗੁਰੂ ਸਾਹਿਬ ਨਾਲ ਗੱਲਾਂ ਕਰਦਿਆਂ ਤੇ ਉਨ੍ਹਾਂ ਨੂੰ ਮਨਾਂਦਿਆਂ ਲਾ ਦਿਤੇ, ਪਰ ਜਦੋਂ ਉਨ੍ਹਾਂ ਨੂੰ ਯਕੀਨ ਹੋ ਗਿਆ ਕਿ ਗੁਰੂ ਸਾਹਿਬ ਨੇ ਕਿਸੇ ਕੀਮਤ ਤੇ ਵੀ ਉਨ੍ਹਾਂ ਦੀ ਗੱਲ ਨਹੀਂ ਮੰਨਣੀ ਤੇ ਉਲਟਾ ਉਨ੍ਹਾਂ ਵਿਚੋਂ ਕਈਆਂ ਨੂੰ ਆਪਣੀਆਂ ਦਲੀਲਾਂ ਨਾਲ ਕਾਇਲ ਕਰ ਲੈਣਾ ਹੈ ਤੇ ਕਈ ਸਰਕਾਰੀ ਕਰਮਚਾਰੀ ਗੁਰੂ ਸਾਹਿਬ ਦੇ ਸ਼ਰਧਾਲੂ ਬਣਨ ਲਗ ਪਏ ਹਨ ਤਾਂ ਸਰਕਾਰ ਦੇ ਮੁਖੀ ਅਫ਼ਸਰਾਂ ਨੇ ਆਪ ਨੂੰ ਖੁਲ੍ਹੇ ਕਮਰੇ ਵਿਚ ਕੈਦ ਰਖਣ ਦੀ ਥਾਂ ਇਕ ਪਿੰਜਰੇ ਵਿਚ ਬੰਦ ਕਰ ਦਿਤਾ। ਪਿੰਜਰੇ ਵਿਚ ਆਰਾਮ ਕਰਨਾ ਤੇ ਤੁਰਨਾ ਫਿਰਨਾ ਵੀ ਕਠਿਨ ਹੀ ਨਹੀਂ ਸਗੋਂ ਅਸੰਭਵ ਸੀ।

ਗੁਰੂ ਸਾਹਿਬ ਦੀ ਇਹ ਹਾਲਤ ਦੇਖ ਕੇ ਭਾਈ ਮਤੀ ਦਾਸ ਤੋਂ ਬਰਦਾਸ਼ਤ ਕਰਨਾ ਮੁਸ਼ਕਲ ਹੋ ਗਿਆ। ਉਹਨਾਂ ਬੇਨਤੀ ਕੀਤੀ ਕਿ ਮਹਾਰਾਜ, ਜੇ ਆਗਿਆ ਦਿਓ ਤਾਂ ਮੈਂ ਦਿਲੀ ਤੇ ਲਾਹੌਰ ਦੀ ਇੱਟ ਨਾਲ ਇੱਟ ਵਜਾ ਦਿਆਂ ਅਤੇ ਇਹਨਾਂ ਜ਼ਾਲਮ ਹਾਕਮਾਂ ਨੂੰ ਕੀਤੇ ਦਾ ਮਜ਼ਾ ਚਖਾ ਦਿਆਂ। ਇਸ ਸਮੇਂ ਗੁਰੂ ਤੇਗ਼ ਬਹਾਦਰ ਜੀ ਨੇ ਸਮਝਾਇਆ ਕਿ ਇਹ ਸਾਰਾ ਕੁਝ ਤੁਸੀਂ ਸ਼ਾਂਤੀ ਨਾਲ ਦੇਖਦੇ ਚਲੋ। ਅਸੀਂ ਅਗੰਮੀ ਸ਼ਕਤੀ ਨਾਲ ਕਰਾਮਾਤ ਦੇ ਸਖ਼ਤ ਵਿਰੁੱਧ ਹਾਂ। ਤੁਹਾਨੂੰ ਪਤਾ ਏ ਕਿ ਸਾਨੂੰ ਵੀ ਇਨ੍ਹਾਂ ਪੇਸ਼ਕਸ਼ ਕੀਤੀ ਏ ਕਿ ਅਸੀਂ ਕਰਾਮਾਤ ਦਿਖਾਈਏ, ਪਰ ਅਸੀਂ ਅਜਿਹਾ ਕਰਨ ਤੋਂ ਇਨਕਾਰ ਕਰ ਦਿਤਾ ਹੈ। ਸਾਨੂੰ ਖਿੜੇ ਮੱਥੇ ਆ ਰਹੇ ਹਾਲਾਤ ਦਾ ਟਾਕਰਾ ਕਰਨਾ ਚਾਹੀਦਾ ਹੈ। ਇਸ ਵਿਚ ਸਾਡੀ ਸਮੁੱਚੀ ਮਨੁੱਖ ਜਾਤੀ ਦਾ ਭਲਾ ਹੋਵੇਗਾ। ਸਮੇਂ ਦੀ ਮੰਗ ਹੈ ਕਿ ਅਸੀਂ ਕੁਰਬਾਨੀ ਦੇਈਏ, ਇਸ ਲਈ ਦ੍ਰਿੜ੍ਹ ਰਹਿ ਕੇ ਸਾਨੂੰ ਆਈ ਔਕੜ ਦਾ ਸਾਹਮਣਾ ਕਰਨਾ ਚਾਹੀਦਾ ਹੈ।

ਭਾਈ ਮਤੀ ਦਾਸ ਨੂੰ ਗਿਆਨ ਹੋ ਗਿਆ। ਉਹਨੇ ਨਮਸਕਾਰ ਕੀਤੀ ਤੇ ਸਮਝ ਲਿਆ ਕਿ ਜੀਵਨ-ਭੇਦ ਹੁਣ ਇਸੇ ਵਿਚ ਹੈ ਕਿ ਬਲੀਦਾਨ ਦਿਤਾ ਜਾਏ। ਗੁਰੂ ਸਾਹਿਬ ਨਾਲ ਭਾਈ ਮਤੀ ਦਾਸ ਦੀ ਗਲਬਾਤ



www.AKJ.Org

ਨੂੰ ਸਰਕਾਰ ਦੇ ਕਰਮਚਾਰੀਆਂ ਵਿਚੋਂ ਕਿਸੇ ਨੇ ਸੁਣ ਲਿਆ ਤੇ ਜਾ ਕੇ ਸ਼ਕਾਇਤ ਲਾਈ ਤੇ ਕੁਝ ਆਪਣੇ ਕੋਲੋਂ ਵਧਾ ਕੇ ਦਸੀਆਂ।

ਪਹਿਲਾਂ ਹੀ ਸਰਕਾਰ ਦੇ ਮੁਖੀਏ ਤੇ ਕਾਜ਼ੀ ਇਹ ਸੋਚ ਰਹੇ ਸਨ ਕਿ ਪਿੰਜਰੇ ਵਿਚ ਬੰਦ ਕਰਨ ਦਾ ਵੀ ਗੁਰੂ ਤੇਗ਼ ਬਹਾਦਰ ਤੇ ਕੋਈ ਅਸਰ ਨਹੀਂ ਹੋਇਆ, ਇਸ ਲਈ ਉਹਨਾਂ ਦੇ ਸਿੱਖਾਂ ਨੂੰ ਉਹਨਾਂ ਦੀਆਂ ਅੱਖਾਂ ਸਾਹਮਣੇ ਤੜਫਾ ਤੜਫਾ ਕੇ ਮਾਰਿਆ ਜਾਏ, ਤਾਕਿ ਗੁਰੂ ਤੇਗ਼ ਬਹਾਦਰ ਦੇ ਮਨ ਤੇ ਅਸਰ ਹੋਵੇ ਤੇ ਉਹ ਮੰਨ ਜਾਣ। ਜਦ ਭਾਈ ਮਤੀ ਦਾਸ ਦੀ ਉਕਤ ਗੱਲ ਦਾ ਪਤਾ ਲਗਾ ਤਾਂ ਉਨ੍ਹਾਂ ਨੂੰ ਇਕ ਸਪੱਸ਼ਟ ਬਹਾਨਾ ਵੀ ਮਿਲ ਗਿਆ। ਉਸੇ ਵੇਲੇ ਭਾਈ ਮਤੀ ਦਾਸ ਜੀ ਨੂੰ ਸ਼ਹੀਦ ਕਰਨ ਦਾ ਹੁਕਮ ਹੋ ਗਿਆ। ਫੈਸਲਾ ਇਹ ਕੀਤਾ ਗਿਆ ਕਿ ਸਿਰ ਤੇ ਆਰਾ ਫੇਰਿਆ ਜਾਏ। ਕੋਈ ਆਦਮੀ ਵੀ ਆਪਣੇ ਸਿਰ ਨੂੰ ਲਕੜੀ ਦੇ ਮੋਛੇ ਵਾਂਗ ਚਿਰਦਾ ਦੇਖ ਕੇ ਬਰਦਾਸ਼ਤ ਨਹੀਂ ਕਰ ਸਕਦਾ। ਉਨ੍ਹਾਂ ਦਾ ਖ਼ਿਆਲ ਸੀ ਕਿ ਜਦ ਆਰਾ ਲਿਆ ਕੇ ਸਿਰ ਤੇ ਰਗੜਨ ਲਗੇ ਤਾਂ ਮਤੀ ਦਾਸ ਨੇ ਉਸੇ ਵੇਲੇ ਇਸਲਾਮ ਕਬੂਲ ਕਰ ਲੈਣਾ ਹੈ, ਪਰ ਉਹਨਾਂ ਦਾ ਅੰਦਾਜ਼ਾ ਗ਼ਲਤ ਨਿਕਲਿਆ।

ਭਾਈ ਮਤੀ ਦਾ ਜੀ ਨੂੰ ਕੁਤਵਾਲੀ ਦੇ ਕੈਦਖ਼ਾਨੇ ਤੋਂ ਕਢਿਆ ਗਿਆ। ਸ਼ਹਿਰ ਵਿਚ ਉਹਨਾਂ ਨੂੰ ਸਰਕਾਰ ਵਲੋਂ ਦਿਤੀ ਜਾਣ ਵਾਲੀ ਸਜ਼ਾ ਬਾਰੇ ਢੰਡੋਰਾ ਫੇਰ ਦਿਤਾ ਗਿਆ ਤੇ ਭਾਰੀ ਗਿਣਤੀ ਵਿਚ ਲੋਕ ਆ ਜੁੜੇ। ਕੁਤਵਾਲੀ ਦੇ ਸਾਹਮਣੇ ਸਾਰੀ ਥਾਂ ਖੁਲ੍ਹੀ ਪਈ ਸੀ। ਵਿਚਕਾਰ ਕੱਚਾ ਰਾਹ ਸ਼ਹਿਰ ਵਲ ਜਾਂਦਾ ਸੀ। ਉਸ ਰਾਹ ਦੇ ਪਾਰਲੇ ਪਾਰ ਜਿਥੇ ਅੱਜ ਕਲ੍ਹ ਫੁਹਾਰਾ ਹੈ, ਭਾਈ ਮਤੀ ਦਾਸ ਜੀ ਨੂੰ ਬਿਠਾ ਦਿਤਾ ਗਿਆ। ਆਰਾ ਲੈ ਕੇ ਜੱਲਾਦ ਆ ਗਏ। ਮਤੀ ਦਾਸ ਜੀ ਨੂੰ ਕਿਹਾ ਗਿਆ ਕਿ ਕਰਾਮਾਤ ਦਿਖਾਓ ਤੇ ਸਾਡਾ ਸਾਰਾ ਕੁਝ ਤਬਾਹ ਕਰ ਕੇ ਦਿਖਾਓ। ਭਾਈ ਮਤੀ ਦਾਸ ਨੇ ਕਿਹਾ ਕਿ ਮੇਰੇ ਗੁਰਦੇਵ ਦਾ ਹੁਕਮ ਨਹੀਂ ਅਜਿਹਾ ਕਰਨ ਦਾ, ਨਹੀਂ ਤੇ ਮੈਂ ਤੁਹਾਨੂੰ ਦਸ ਦਿੰਦਾ।

ਮਤੀ ਦਾਸ ਨੂੰ ਆਖਿਆ, ਦਸ ਸਿੱਖਾ, ਕਿਵੇਂ ਦਿੱਲੀ ਲਾਹੌਰ ਟਕਰਾਏਂਗਾ ਤੂੰ।
ਕਿਵੇਂ ਧਰਤ ਆਕਾਸ਼ ਨੂੰ ਮੇਲ ਦਏਂਗਾ, ਤਖ਼ਤਾ ਤਖ਼ਤ ਤੋਂ ਕਿਵੇਂ ਪਲਟਾਏਂਗਾ ਤੂੰ।
ਕਰਾਮਾਤ ਦਸ ਜਾਂ ਮੌਤ ਮੰਨ ਲੈ, ਜਿਹੜੀ ਹੋਈ ਵਿਚਾਰ ਵਿਚਾਰ ਕੇ ਦਸ।
ਜਾਂ ਤੇ ਮਰਨ ਦੇ ਲਈ ਤਿਆਰ ਹੋ ਜਾ ਤੇ ਜਾਂ ਫਿਰ ਸ਼ਾਹੀ ਹਕੂਮਤ ਨੂੰ ਮਾਰ ਕੇ ਦਸ।
ਮਤੀ ਦਾਸ ਨੇ ਆਖਿਆ ਇਉਂ ਅਗੋਂ, ਕਰਾਂ ਕੀ ਜੇ ਕੀਲਿਆ ਨਾਗ ਹਾਂ ਮੈਂ।
ਬਿਨਾ ਹੁਕਮ ਤੋਂ ਝੂਲਦਾ ਨਹੀਂ ਪੱਤਾ, ਨਹੀਂ ਤਾਂ ਸਮਝ ਮੈਨੂੰ ਮਾਰੂ ਰਾਗ ਹਾਂ ਮੈਂ।
ਪੈਣ ਪਿਟਣੇ ਮੁਗ਼ਲ ਸਰਕਾਰ ਅੰਦਰ, ਮੰਨੀਂ ਸੱਚ ਕਿ ਅਜ਼ਲ ਦੇ ਵਾਂਗ ਹਾਂ ਮੈਂ।
ਤਖ਼ਤ ਵਾਲਿਆਂ ਨੂੰ ਪਾਵਾਂ ਮੰਜਿਆਂ ਤੇ, ਪਰ ਹੁਕਮ ਬਾਝੋਂ ਕੁਝ ਨਹੀਂ ਕਰ ਸਕਦਾ।
ਇਸ ਵਾਸਤੇ ਮਰਨ ਮਨਜ਼ੂਰ ਮੈਨੂੰ, ਬਿਨਾਂ ਮਰਨ ਤੋਂ ਹੋਰ ਨਹੀਂ ਕਰ ਸਕਦਾ।

(ਸੋਹਣ ਸਿੰਘ ਸੇਵਕ)

ਕਾਜ਼ੀ ਨੇ ਆ ਕੇ ਇਕ ਵਾਰ ਫਿਰ ਸਰਕਾਰ ਵਲੋਂ ਪੇਸ਼ਕਸ਼ ਕੀਤੀ। ਦੁਨਿਆਵੀ ਸੁਖਾਂ ਤੇ ਹੋਰ ਵਸਤੂਆਂ ਦੇ ਲਾਲਚ ਦਿਤੇ, ਪਰ ਭਾਈ ਮਤੀ ਦਾਸ ਨੇ ਕੁਝ ਵੀ ਪ੍ਰਵਾਨ ਨਾ ਕੀਤਾ। ਅਖ਼ੀਰ ਫਿਰ ਜੱਲਾਦਾਂ ਨੂੰ ਨਜ਼ਦੀਕ ਬੁਲਾ ਲਿਆ ਗਿਆ। ਉਹਨਾਂ ਨੂੰ ਫਿਰ ਆ ਕੇ ਇਤਨਾ ਕੁ ਮੰਨਣ ਲਈ ਕਿਹਾ ਕਿ ਉਹ ਗੁਰੂ ਤੇਗ਼ ਬਹਾਦਰ ਦਾ ਸਾਥ ਛੱਡਦੇ ਹਨ। ਭਾਈ ਮਤੀ ਦਾਸ ਨੇ ਉੱਤਰ ਦਿੱਤਾ ਕਿ ਇਹ ਨਹੀਂ ਹੋ ਸਕਦਾ। ਗੁਰੂ ਸਾਹਿਬ ਦਾ ਲੜ ਛੱਡ ਕੇ ਮੈਂ ਜ਼ਿੰਦਾ ਨਹੀਂ ਰਹਿ ਸਕਦਾ। ਫਿਰ ਵੀ ਮੈਂ ਰੁਲ ਕੇ ਮਰਨਾ ਹੈ। ਇਸ ਲਈ ਤੁਹਾਡੇ ਤਸੀਹੇ



www.AKJ.Org

ਸਹਿ ਕੇ ਮਰਨਾ ਵਧੇਰੇ ਚੰਗਾ ਹੈ। ਹੁਣ ਬਹੁਤੀ ਦੇਰ ਨਾ ਲਾਓ। ਮੈਨੂੰ ਇਉਂ ਪਿਆ ਜਾਪਦਾ ਹੈ ਕਿ ਸ਼ਹੀਦਾਂ ਦੇ ਸਿਰਤਾਜ ਸ੍ਰੀ ਗੁਰੂ ਅਰਜਨ ਦੇਵ ਜੀ ਮੈਨੂੰ ਆਪਣੀ ਗਲਵਕੜੀ ਵਿੱਚ ਲੈਣ ਲਈ ਪਵਿੱਤਰ ਬਾਹਵਾਂ ਖਿਲਾਰੀ ਬੁਲਾ ਰਹੇ ਹਨ।

ਕਾਜ਼ੀ ਨੇ ਅਖ਼ੀਰ ਪੁਛਿਆ ਕਿ ਮਰਨ ਤੋਂ ਪਹਿਲਾਂ ਤੇਰੀ ਜੇਕਰ ਕੋਈ ਇਛਾ ਹੋਵੇ ਤਾਂ ਉਹ ਦਸ। ਅਸੀਂ ਉਸ ਨੂੰ ਪੂਰਾ ਕਰ ਸਕਦੇ ਹਾਂ। ਇਹ ਉਸ ਸਮੇਂ ਰਿਵਾਜ ਸੀ ਕਿ ਜਿਸਨੂੰ ਮਾਰਨਾ ਹੋਵੇ, ਉਹਦੀ ਕੋਈ ਮੰਨਣ ਯੋਗ ਇਛਾ ਪੂਰੀ ਕਰ ਦਿਤੀ ਜਾਂਦੀ ਸੀ। ਭਾਈ ਮਤੀ ਦਾਸ ਨੂੰ ਜਦ ਪੁਛਿਆ ਗਿਆ ਤਾਂ ਉਹਨਾਂ ਨੇ ਕਿਹਾ ਕਿ ਮੇਰੀ ਇੱਛਾ ਇਹ ਹੈ ਕਿ ਮੇਰੇ ਸੀਸ ਤੇ ਆਰਾ ਰੱਖਣ ਸਮੇਂ ਮੇਰਾ ਮੂੰਹ ਉਸ ਪਿੰਜਰੇ ਵਲ ਕਰ ਦਿਤਾ ਜਾਏ, ਜਿਸ ਵਿਚ ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਕੈਦ ਹਨ, ਤਾਂਕਿ ਮੈਂ ਆਪਣੇ ਜੀਵਨ ਦੇ ਅੰਤਲੇ ਸਵਾਸ ਤਕ ਆਪਣੇ ਮਾਹੀ ਪ੍ਰੀਤਮ ਦੇ ਦਰਸ਼ਨ ਕਰ ਸਕਾਂ। ਮੈਨੂੰ ਹੋਰ ਇਸ ਸਮੇਂ ਕਿਸੇ ਚੀਜ਼ ਦੀ ਇਛਾ ਜਾਂ ਅਭਿਲਾਸ਼ਾ ਨਹੀਂ।

ਇਸੇ ਤਰ੍ਹਾਂ ਕੀਤਾ ਗਿਆ ਤੇ ਭਾਈ ਮਤੀ ਦਾਸ ਦਾ ਮੂੰਹ ਉਧਰ ਕਰ ਕੇ ਆਰਾ ਸੀਸ ਤੇ ਰੱਖ ਦਿਤਾ ਗਿਆ। ਹਜ਼ਾਰਾਂ ਦੀ ਗਿਣਤੀ ਵਿੱਚ ਇਕੱਠੇ ਹੋਏ ਲੋਕ ਦੇਖ ਕੇ ਹੈਰਾਨ ਹੋ ਰਹੇ ਸਨ ਕਿ ਭਾਈ ਮਤੀ ਦਾਸ ਨੂੰ ਜ਼ਰਾ ਵੀ ਘਬਰਾਹਟ ਨਹੀਂ, ਸਰੀਰ ਦੇ ਰੰਗ ਵਿਚ ਮੌਤ ਦੇ ਭੈ ਨਾਲ ਕੋਈ ਤਬਦੀਲੀ ਨਹੀਂ ਆਈ। ਸਗੋਂ ਜਪੁਜੀ ਸਾਹਿਬ ਦਾ ਪਾਠ ਅਰੰਭ ਦਿਤਾ ਤੇ ਉਧਰੋਂ ਸੀਸ ਤੇ ਆਰਾ ਅਗੇ ਤੋਂ ਪਿਛੇ ਤੇ ਪਿਛੇ ਤੋਂ ਅਗੇ ਚਲਣ ਲਗ ਪਿਆ। ਦੋ ਫੇਰੇ ਦੇਣ ਨਾਲ ਹੀ ਖ਼ੂਨ ਦੀਆਂ ਧਾਰਾਂ ਦੂਰ ਤਕ ਵਗਣ ਲਗ ਪਈਆਂ। ਮੂੰਹ ਤੇ ਖ਼ੂਨ ਦੇ ਪਰਨਾਲੇ ਡਿਗਣ ਲਗ ਪਏ। ਸਰੀਰ ਵਿਚ ਬਿਲਕੁਲ ਕਾਂਬਾ ਨਹੀਂ ਛਿੜਿਆ। ਸਮਾਧੀ ਨੂੰ ਆਰੇ ਦਾ ਚੀਰ ਵੀ ਭੰਗ ਨਾ ਕਰ ਸਕਿਆ। ਉਧਰੋਂ ਭਾਈ ਮਤੀ ਦਾਸ ਜੀ ਨੇ ਇਹ ਤੁਕ ਪੜ੍ਹੀ—

"ਜਿਨੀ ਨਾਮੁ ਧਿਆਇਆ ਗਏ ਮਸਕਤਿ ਘਾਲਿ ॥
ਨਾਨਕ ਤੇ ਮੁਖ ਉਜਲੇ ਕੇਤੀ ਛੁਟੀ ਨਾਲਿ ॥"

ਉਧਰੋਂ ਆਰਾ ਆਪਣਾ ਕੰਮ ਮੁਕਾ ਬੈਠਾ ਤੇ ਸਰੀਰ ਦੋ ਫਾੜ ਹੋ ਗਿਆ। ਭੌਰ ਉਡਾਰੀ ਮਾਰ ਗਿਆ ਤੇ ਸਰੀਰ ਧਰਤੀ ਤੇ ਡਿਗ ਪਿਆ। ਦੇਖਣ ਵਾਲਿਆਂ ਦੇ ਰੌਂਗਟੇ ਖੜੇ ਹੋ ਗਏ। ਇਸ ਤਰ੍ਹਾਂ ਇਕ ਮਹਾਨ ਇਨਸਾਨ ਨੂੰ ਤਸੀਹੇ ਝਲਦਿਆਂ ਤੇ ਦ੍ਰਿੜ੍ਹ ਰਹਿੰਦਿਆਂ ਦਿੱਲੀ-ਵਾਸੀਆਂ ਨੇ ਪਹਿਲਾਂ ਕਦੇ ਨਹੀਂ ਸੀ ਤਕਿਆ।

ਸਰਕਾਰ ਨੇ ਲੋਕਾਂ ਦੇ ਸਾਹਮਣੇ ਇਹ ਕਾਰਾ ਇਸ ਲਈ ਕੀਤਾ ਤਾਂਕਿ ਉਹ ਭੈ-ਭੀਤ ਹੋ ਜਾਣ ਤੇ ਗੁਰੂ ਸਾਹਿਬ ਦੇ ਹਮਦਰਦ ਵੀ ਨਾ ਰਹਿਣ, ਪਰ ਇਸ ਦਾ ਉਲਟਾ ਅਸਰ ਹੋਇਆ। ਇਸ ਤਰ੍ਹਾਂ ਦੇ ਜ਼ੁਲਮ ਨਾਲ ਲੋਕੀਂ ਭੈ-ਭੀਤ ਨਹੀਂ ਹੁੰਦੇ, ਸਗੋਂ ਜ਼ੁਲਮ ਵਿਰੁੱਧ ਜਜ਼ਬਾ ਉਭਰਦਾ ਹੈ, ਧੂੰਆਂ ਧੁਖਦਾ ਹੈ, ਜੋ ਕਿਸੇ ਵੇਲੇ ਜਵਾਲਾ ਬਣ ਕੇ ਜ਼ੁਲਮ ਨੂੰ ਸਾੜ ਫੂਕ ਦੇਂਦਾ ਹੈ। ਇਸੇ ਲਈ ਸਿਆਣੇ ਕਹਿੰਦੇ ਹਨ ਕਿ ਸ਼ਹੀਦੀਆਂ ਰੰਗ ਲਿਆਉਂਦੀਆਂ ਹਨ।

ਭਾਈ ਮਤੀ ਦਾਸ ਦਾ ਸਰੀਰ ਉਥੇ ਹੀ ਪਿਆ ਰਹਿਣ ਦਿਤਾ ਗਿਆ। ਇਹ ਨਹੀਂ ਅਗੋਂ ਪਤਾ ਲਗ ਸਕਿਆ ਕਿ ਉਹਨਾਂ ਦੀ ਦੇਹ ਦਾ ਕੀ ਬਣਿਆ। ਸ਼ਹੀਦੀ ਸਮਾਂ ੧੬੭੫ ਈਸਵੀ ਦੇ ਨਵੰਬਰ ਦਾ ਪਹਿਲਾ ਹਫਤਾ ਇਤਿਹਾਸ ਵਿਚ ਆਇਆ ਏ। ਆਪ ਦੇ ਪਿਛੋਂ ਦੂਜੇ ਦਿਨ ਭਾਈ ਦਿਆਲਾ ਜੀ ਨੂੰ ਦੇਗ਼ ਵਿਚ ਉਬਾਲ ਕੇ ਸ਼ਹੀਦ ਕੀਤਾ ਗਿਆ। ਫਿਰ ਗੁਰੂ ਤੇਗ਼ ਬਹਾਦਰ ਜੀ ਦੀ ਸ਼ਹਾਦਤ ਹੋਈ। ਇਉਂ ਗੁਰਦਵਾਰਾ ਸੀਸ ਗੰਜ ਦਿਲੀ ਵਾਲੀ ਥਾਂ, ਨਾਲ ਦੀ ਕੋਤਵਾਲੀ, ਸਾਹਮਣੇ ਫੁਹਾਰੇ ਵਾਲੀ ਥਾਂ ਸਿੱਖ ਸ਼ਹੀਦਾਂ ਦੇ ਖ਼ੂਨ ਨਾਲ ਰੰਗੀਆਂ ਹੋਈਆਂ ਹਨ।



www.AKJ.Org

# ਪੰਥਕ ਸਮਾਚਾਰ--ਅਖ਼ਬਾਰਾਂ ਦੀ ਜ਼ਬਾਨੀ

**ਅਕਾਲੀ ਪੱਤ੍ਰਕਾ, ੧੮ ਅਗਸਤ ੧੯੮੨**

**ਇਕ ਸਿੰਘ ਦੇ ਜਬਰੀ ਕੇਸ ਕਤਲ ਕਰ ਦਿਤੇ**

**ਮੂੰਹ ਚਿ ਸਿਗਰੇਟ ਪਾਏ–ਦਿਲੀ ਪੁਲਿਸ ਤੇ ਦੋਸ਼**

ਅੰਮ੍ਰਿਤਸਰ ੧੭ ਅਗਸਤ–ਸ਼੍ਰੋਮਣੀ ਅਕਾਲੀ ਦਲ ਦੇ ਹੈਡ ਕੁਆਟਰ ਵਿਚ ਇਕ ਬਹੁਤ ਹੀ ਦੁਖਦਾਈ ਤੇ ਭਿਆਨਕ ਖਬਰ ਪੁੱਜੀ ਹੈ। ਸ: ਗਿਰਧਾਰਾ ਸਿੰਘ ਸਪੁੱਤਰ ਸ: ਬਿਸ਼ਨ ਸਿੰਘ ਪਿੰਡ ਰਾਜੇ ਵਾਲ ਜ਼ਿਲਾ ਹੁਸ਼ਿਆਰਪੁਰ ਨੇ ਜੋ ਕਿ ਅਜ ਕਲ ਤਿਹਾੜ ਜੇਲ੍ਹ ਵਿਚ ਬੰਦ ਹੈ, ਨੇ ਸ਼ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੰਤ ਹਰਚੰਦ ਸਿੰਘ ਲੌਂਗੋਵਾਲ ਦੇ ਨਾਂ ਲਿਖੇ ਇਕ ਪੱਤਰ ਵਿਚ ਲਿਖਿਆ ਹੈ ਕਿ ਉਸ ਨੂੰ ਮਿਤੀ ੮-੬-੮੨ ਨੂੰ ਪੁਲਿਸ ਨੇ ਆਪਣੀ ਹਿਰਾਸਤ ਵਿਚ ਲਿਆ ਪਰ ਉਸਦੀ ਗ੍ਰਿਫਤਾਰੀ ਨਾ ਪਾਈ ਗਈ। ਪੁਲਿਸ ਹਿਰਾਸਤ ਵਿਚ, ਪੁਲਿਸ ਕਰਮਚਾਰੀ ਨੇ ਜਿਥੇ ਉਸ ਤੇ ਅੰਨ੍ਹਾ ਤਸ਼ੱਦਦ ਕੀਤਾ ਉਥੇ ਉਸ ਦੇ ਪਵਿੱਤਰ ਕੇਸ ਤੇ ਦਾਹੜੀ ਵੀ ਜ਼ਬਰਦਸਤੀ ਕਤਲ ਕਰ ਦਿਤੇ ਗਏ ਅਤੇ ਉਸ ਅੰਮ੍ਰਿਤਧਾਰੀ ਸਿੰਘ ਦੇ ਮੂੰਹ ਵਿਚ ਜਬਰਦਸਤੀ ਸਿਗਰਟਾਂ ਪਾਈਆਂ ਗਈਆਂ। ਇਹ ਘ੍ਰਿਣਤ ਕਾਰਵਾਈ ਦਿੱਲੀ ਦੇ ਸੈਂਟਰਲ ਡਿਸਟਰਿਕ ਸਪੈਸ਼ਲ ਸਟਾਫ ਦੇ ਕਰਮ-ਚਾਰੀਆਂ ਨੇ ਕੀਤੀ। ਇਹ ਸਭ ਕੁਝ ਕਰਨ ਦੇ ਬਾਅਦ ਸ: ਗਿਰਧਾਰਾ ਸਿੰਘ ਦੇ ਹੱਥ ਵਿਚ ਪਸਤੌਲ ਵਿਖਾ ਕੇ ਉਸ ਨਾਲ ਝੂਠਾ ਪੁਲਿਸ ਮੁਕਾਬਲਾ ਸ਼ੋਅ ਕੀਤਾ ਗਿਆ। ਕੁਟ ਮਾਰ ਵਿਚ ਸ: ਗਿਰਧਾਰਾ ਸਿੰਘ ਦੀ ਬਾਂਹ ਟੁਟ ਗਈ ਹੈ ਅਤੇ ਹੋਰ ਅੰਗਾਂ 'ਤੇ ਸਖਤ ਸੱਟਾਂ ਲੱਗੀਆਂ ਹਨ। ਬਾਂਹ ਉਤੇ ਪਲੱਸਤਰ ਕੀਤਾ ਹੋਇਆ ਸੀ, ਜੋ ਪੁਲਿਸ ਵਾਲਿਆਂ ਹੁਣ ਕੱਟ ਦਿਤਾ ਹੈ। ਸਰਦਾਰ ਗਿਰਧਾਰਾ ਸਿੰਘ ਦੇ ਘਰ ਦੀ ਤਲਾਸ਼ੀ ਸਮੇਂ ਇਕ ਰੇਡੀਓ ਤੇ ਕੁਝ ਰੁਪਏ ਪੁਲਿਸ ਵਾਲੇ ਲੈ ਗਏ ਜੋ ਕਿਤੇ ਜਮ੍ਹਾਂ ਨਹੀਂ ਹੋਏ। ਸ: ਗਿਰਧਾਰਾ ਸਿੰਘ ਨੇ ਮੰਗ ਕੀਤੀ ਹੈ ਕਿ ਮੇਰੇ ਨਾਲ ਇਨਸਾਫ਼ ਕੀਤਾ ਜਾਵੇ, ਮੈਨੂੰ ਤੇ ਮੇਰੇ ਪ੍ਰੀਵਾਰ ਦੀ ਪੁਲਿਸ ਵਾਲਿਆਂ ਤੋਂ ਰੱਖਿਆ ਕੀਤੀ ਜਾਵੇ। ਸ: ਗਿਰਧਾਰਾ ਸਿੰਘ ਨੇ ਸੰਤ ਲੌਂਗੋਵਾਲ ਪ੍ਰਧਾਨ ਅਕਾਲੀ ਦਲ ਨੂੰ ਦਰਦ ਭਰੀ ਅਪੀਲ ਕਰਦਿਆਂ ਕਿਹਾ ਹੈ ਕਿ ਉਹ ਸਿੱਖੀ ਦੇ ਵਾਸਤੇ ਮੇਰੇ ਲਈ ਅਵਾਜ਼ ਉਠਾਉਣ। ਸ਼ਰੋਮਣੀ ਅਕਾਲੀ ਦਲ ਵਲੋਂ ਇਕ ਪੱਤਰ ਰਾਹੀਂ ਸਬੰਧਤ ਅਧਿਕਾਰੀਆਂ ਤੋਂ ਮੰਗ ਕੀਤੀ ਗਈ ਹੈ ਕਿ ਸ: ਗਿਰਧਾਰਾ ਸਿੰਘ ਦੇ ਨਾਲ ਘ੍ਰਿਣਤ ਵਰਤਾਓ ਕਰਨ ਵਾਲੇ ਦੋਸ਼ੀਆਂ ਨੂੰ ਸਖਤ ਸਜ਼ਾਵਾਂ ਦਿਤੀਆਂ ਜਾਣ।

**ਅਕਾਲੀ ਪੱਤ੍ਰਕਾ, ੨੨ ਅਗਸਤ ੧੯੮੨**

**ਤਰਸੇਮ ਸਿੰਘ ਗ੍ਰਿਫ਼ਤਾਰ ?**

ਅੰਮ੍ਰਿਤਸਰ, ੨੧ ਅਗਸਤ (ਵਿਸੇਸ਼ ਪ੍ਰਤੀਨਿਧ) ਪਿੰਡ ਕਾਲਾ ਸੰਘਿਆ ਦੇ ਵਾਸੀ ਸ: ਤਰਸੇਮ ਸਿੰਘ ਨੂੰ ਵੀ ਪੁਲਿਸ ਨੇ ਗ੍ਰਿਫ਼ਤਾਰ ਕਰ ਲਿਆ ਹੈ।

ਪੁਲਿਸ ਸੂਤਰਾਂ ਅਨੁਸਾਰ ਉਹਨਾਂ ਨੂੰ ਜੁਡੀਸ਼ਲ ਪੁਲਿਸ ਨੇ ੧੪ ਅਗਸਤ ਨੂੰ ਪਕੜਿਆ ਪਰ ਅਜੇ ਤਕ ਗ੍ਰਿਫ਼ਤਾਰੀ ਨਹੀਂ ਪਾਈ ਅਤੇ ਅਣਦੱਸੀ ਥਾਂ ਤੇ ਪੁੱਛ ਗਿੱਛ ਕਰ ਰਹੀ ਹੈ।

ਦਹੇੜੂ ਕਾਂਡ ਪਿਛੋਂ ਸ: ਤਰਸੇਮ ਸਿੰਘ ਨੂੰ ਭਗੌੜਾ ਕਰਾਰ ਦੇ ਕੇ ਪੰਜਾਬ ਸਰਕਾਰ ਨੇ ਉਹਨਾਂ ਦੇ ਸਿਰ ਦਾ ਮੁਲ ਰਖ ਦਿਤਾ ਸੀ।

ਪਹਿਲਾਂ ਇਹ ਖ਼ਬਰ ਆਈ ਸੀ ਕਿ ਉਹ ਸ: ਤਲਵਿੰਦਰ ਸਿੰਘ ਦੇ ਨਾਲ ਵਿਦੇਸ਼ ਚਲੇ ਗਏ ਹਨ। ਫਿਰ ਸ: ਸੁਰਜੀਤ ਸਿੰਘ ਬਰਨਾਲਾ ਨੇ ਦੋਸ਼ ਲਾਇਆ ਸੀ ਕਿ ਪੁਲਿਸ ਨੇ ਉਹਨਾਂ ਨੂੰ ਕਤਲ ਕਰ ਦਿਤਾ ਹੈ। ਪਰ ਹੁਣ ਪੁਲਿਸ ਹਲਕਿਆਂ ਨੇ ਉਨ੍ਹਾਂ ਦੀ ਗ੍ਰਿਫ਼ਤਾਰੀ ਦੀ ਪੁਸ਼ਟੀ ਕੀਤੀ ਹੈ।



www.AKJ.Org

**ਅਕਾਲੀ ਪੱਤ੍ਰਕਾ, ੨੩ ਅਗਸਤ ੧੯੯੨**

**ਗੁਰਮੀਤ ਸਿੰਘ ਦਾ ਅੰਤਮ ਸੰਸਕਾਰ–**

ਅਹਿਮਦਗੜ੍ਹ, ੨੨ ਅਗਸਤ–(ਪੱਤਰ ਪ੍ਰੇਰਕ) ਬੰਗ ਮੁਕੰਦਪੁਰ ਰੋਡ ਤੇ ਪਿੰਡ ਤਲਵੰਡੀ ਫਤੂ ਨੇੜੇ ਨਹਿਰ ਦੇ ਕੰਢੇ ਪੁਲਿਸ-ਮੁਕਾਬਲੇ ਚਿ ਮਾਰੇ ਗਏ ਕਥਿਤ ਅੱਤਵਾਦੀ ਅਤੇ ਮੁਖ ਦੋਸ਼ੀ ਤਾਹੋਂ ਬੰਬ ਕਾਂਡ ਦੇ ਸ: ਗੁਰਮੀਤ ਸਿੰਘ ਦੀ ਮ੍ਰਿਤਕ ਦੇਹ ਦਾ ਅੰਤਮ ਸੰਸਕਾਰ ਕਲ ਬਾਅਦ ਦੁਪਹਿਰ ਇਕ ਵਜੇ ਉਹਨਾਂ ਦੇ ਪਿੰਡ ਧੂਲਕੋਟ ਵਿਖੇ ਕੀਤਾ ਜਾਵੇਗਾ। ਇਹ ਜਾਣਕਾਰੀ ਅਜ ਇਥੇ ਸ਼ਰੋਮਣੀ ਕਮੇਟੀ ਦੇ ਮੈਂਬਰ ਜ: ਜੁਗਿੰਦਰ ਸਿੰਘ ਨੇ ਦਿਤੀ। ਉਸ ਦੀ ਮ੍ਰਿਤਕ ਦੇਹ ਅਜ ਸ਼ਾਮ ਚਾਰ ਵਜੇ ਉਸ ਦੇ ਪਿੰਡ ਪੁਚਾਈ ਗਈ। ਪਿੰਡ ਧੂਲਕੋਟ ਇਥੋਂ ਢਾਈ ਕਿਲੋਮੀਟਰ ਦੀ ਦੂਰੀ ਤੇ ਹੈ। ਲਾਗਲੇ ਪਿੰਡਾਂ ਦੇ ਲੋਕ, ਸਿਖ ਸੰਗਤਾਂ ਅਤੇ ਅਕਾਲੀ ਵਰਕਰ ਭਾਰੀ ਗਿਣਤੀ ਚਿ ਪਿੰਡ ਧੂਲਕੋਟ ਪੁਜੇ। ਇਸੇ ਦੌਰਾਨ ਸ਼ਰੋਮਣੀ ਗੁਰਦਵਾਰਾ ਕਮੇਟੀ ਦੇ ਪ੍ਰਧਾਨ ਸ: ਟੌਹੜਾ ਨੇ ਗੁਰਮੀਤ ਸਿੰਘ ਕਤਲ-ਕਾਂਡ ਦੀ ਨਿਖੇਧੀ ਕਰਦੇ ਹੋਏ ਪੁਲਿਸ-ਮੁਕਾਬਲੇ ਨੂੰ ਝੂਠਾ ਕਰਾਰ ਦਿਤਾ। ..

**ਅਕਾਲੀ ਪੱਤ੍ਰਕਾ, ੨੨ ਅਗਸਤ ੧੯੯੨**

**ਹਵਾਈ ਜਹਾਜ਼ ਅਗ਼ਵਾ ਤੇ ਬੰਬ ਧਮਾਕੇ–**

ਸ਼ੁਕਰਵਾਰ ਨੂੰ ਫੇਰ ਇਕ ਸਿੱਖ ਨੌਜੁਆਨ ਮੁਸੀਬਤ ਸਿੰਘ ਉਰਫ ਕੰਵਲਜੀਤ ਸਿੰਘ ਨੇ ਇੰਡੀਅਨ ਏਅਰ ਲਾਈਨਜ਼ ਦਾ ਬੋਇੰਗ ੭੩੭ ਜਹਾਜ਼ ਜੋ ਬੰਬਈ ਤੋਂ ਜੈਪੁਰ-ਜੋਧਪੁਰ-ਉਦੇਪੁਰ ਦੇ ਰਸਤੇ ਦਿੱਲੀ ਆ ਰਿਹਾ ਸੀ, ਅਗ਼ਵਾ ਕਰ ਲਿਆ। ਅਗਸਤ ਮਹੀਨੇ ਵਿਚ ਇਹ ਦੂਜੀ ਵੇਰ ਹੈ ਕਿ ਭਾਰਤੀ ਹਵਾਈ ਜਹਾਜ਼ ਨੂੰ ਅਗ਼ਵਾ ਕਰ ਲਿਆ ਗਿਆ ਅਤੇ ਦੋਵੇਂ ਵੇਰ ਹੀ ਸਿੱਖ ਅਗ਼ਵਾਕਾਰ ਇਸ ਨੂੰ ਅਗਵਾ ਕਰ ਕੇ ਲਾਹੌਰ ਵਲ ਲੈ ਗਏ ਪਰ ਲਾਹੌਰ ਵਿਖੇ ਪਾਕਿਸਤਾਨੀ ਅਧਿਕਾਰੀਆਂ ਨੇ ਭਾਰਤੀ ਜਹਾਜ਼ ਨੂੰ ਉਤਰਨ ਦੀ ਆਗਿਆ ਨਾ ਦਿੱਤੀ। ਇਸ ਤੋਂ ਪਹਿਲਾਂ ਸਤੰਬਰ ੧੯੯੧ ਵਿਚ ਵੀ ੫ ਸਿੱਖ ਅਗਵਾਕਾਰ ਇੰਡੀਅਨ ਏਅਰ ਲਾਈਨਜ਼ ਦਾ ਬੋਇੰਗ ਜਹਾਜ਼ ਲਾਹੌਰ ਲਿਜਾਣ ਵਿਚ ਸਫ਼ਲ ਹੋ ਗਏ ਸਨ ਅਤੇ ਪਾਕਿਸਤਾਨੀ ਅਧਿਕਾਰੀਆਂ ਨੇ ਅਗ਼ਵਾਕਾਰਾਂ ਨੂੰ ਗ੍ਰਿਫ਼ਤਾਰ ਕਰਕੇ ਮੁਸਾਫਰ ਅਤੇ ਅਮਲੇ ਦੇ ਲੋਕਾਂ ਨੂੰ ਰਿਹਾ ਕਰਵਾ ਲਿਆ ਸੀ। ਉਪਰੋਕਤ ੫ ਅਗਵਾਕਾਰ ਅਜੇ ਵੀ ਪਾਕਿਸਤਾਨ ਵਿਚ ਹਨ ਅਤੇ ਭਾਰਤ ਸਰਕਾਰ ਪਾਕਿਸਤਾਨ ਤੋਂ ਮੰਗ ਕਰ ਰਹੀ ਹੈ ਕਿ ਇਹ ਅਗਵਾਕਾਰ ਉਸ ਨੂੰ ਵਾਪਸ ਦਿੱਤੇ ਜਾਣ ਤਾਂ ਜੋ ਉਨ੍ਹਾਂ ਤੇ ਮੁਕੱਦਮਾ ਚਲਾਇਆ ਜਾ ਸਕੇ। ਦੂਜੇ ਪਾਸੇ ਪ੍ਰਾਪਤ ਖ਼ਬਰਾਂ ਅਨੁਸਾਰ ਅਗਵਾਕਾਰ ਪਾਕਿਸਤਾਨ ਵਿਚ ਪੁਲਿਸ ਜਾਂ ਜੁਡੀਸ਼ੀਅਲ ਹਿਰਾਸਤ ਵਿਚ ਨਹੀਂ ਸਗੋਂ ਆਮ ਸ਼ਹਿਰੀਆਂ ਵਾਂਗ ਰਹਿ ਰਹੇ ਹਨ। ਸ਼ਾਇਦ ਇਨ੍ਹਾਂ ਹੀ ਰਿਪੋਰਟਾਂ ਕਾਰਨ ਸਿੱਖ ਮੰਗਾਂ ਨਾਲ ਸਬੰਧਤ ਨੌਜੁਆਨਾਂ ਨੇ ਲਾਹੌਰ ਨੂੰ ਜਹਾਜ਼ ਅਗਵਾਕਾਰਾਂ ਦਾ ਸਵਰਗ ਸਮਝ ਲਿਆ ਅਤੇ ਜਹਾਜ਼ ਅਗਵਾ ਕਰ ਕੇ ਲਾਹੌਰ ਵੱਲ ਲਿਜਾਣੇ ਅਰੰਭ ਕਰ ਦਿਤੇ ਪ੍ਰੰਤੂ ਪਾਕਿਸਤਾਨ ਸਰਕਾਰ ਵਲੋਂ ਦੋ ਜਹਾਜ਼ਾਂ ਨੂੰ ਨਾ ਉਤਰਨ ਦੇਣ ਕਾਰਨ ਹੁਣ ਸੰਭਾਵਿਤ ਅਗਵਾਕਾਰ ਨੂੰ ਇਹ ਭੁਲੇਖਾ ਨਹੀਂ ਰਿਹਾ ਹੋਵੇਗਾ ਕਿ ਲਾਹੌਰ ਹੁਣ ਅਗਵਾਕਾਰਾਂ ਦਾ ਸਵਰਗ ਨਹੀਂ ਰਿਹਾ, ਜਿਹਾ ਕਿ ਆਮ ਭੁਲੇਖਾ ਪਾਇਆ ਜਾਂਦਾ ਰਿਹਾ ਹੈ। ਪਿਛਲੇ ਸਾਲ ਵਿਚ ਤਿੰਨ ਜਹਾਜ਼-ਉਧਾਲਿਆਂ ਵਿਚੋਂ ਤਿੰਨਾਂ ਵਿਚ ਹੀ ਪਾਕਿਸਤਾਨ ਸਰਕਾਰ ਨੇ ਇਹੋ ਪ੍ਰਭਾਵ ਦੇਣ ਦਾ ਯਤਨ ਕੀਤਾ ਹੈ ਕਿ ਉਹ ਭਾਰਤ ਦੇ ਅੰਦਰੂਨੀ ਮਾਮਲਿਆਂ ਵਿਚ ਦਖਲ ਦੇਣ ਦਾ ਇਰਾਦਾ ਨਹੀਂ ਰਖਦਾ ਅਤੇ ਉਹ ਕਿਸੇ ਵੀ ਅਜਿਹੀ ਉਲਝਣ ਵਿਚ ਆਪਣੇ ਆਪ ਨੂੰ ਨਹੀਂ ਫਸਣ ਦੇਣਾ ਚਾਹੁੰਦਾ, ਜਿਸ ਨਾਲ ਭਾਰਤ ਉਸ ਦੀ ਕਿਸੇ ਕਾਰਵਾਈ ਨੂੰ ਦੁਸ਼ਮਣੀ ਭਰਪੂਰ ਸਮਝੇ। ਇਕ ਮਹੀਨੇ ਵਿਚ ਦੋ ਜਹਾਜ਼-ਉਧਾਲਿਆਂ ਨਾਲ ਹੁਣ ਦੇਸ਼ ਭਰ ਵਿਚ ਹਵਾਈ ਅਗਵਾਕਾਰਾਂ ਨੂੰ ਉਮਰ ਕੈਦ ਦੀ ਸਜ਼ਾ ਦੇਣ ਲਈ ਕਾਨੂੰਨ ਬਨਾਉਣ ਦੀ ਮੰਗ ਕੀਤੀ ਜਾਣੀ ਸੁਭਾਵਕ ਹੈ। ੪ ਅਗਸਤ ਦੇ ਜਹਾਜ਼-ਉਧਾਲੇ ਪਿਛੋਂ ਪਾਰਲੀਮੈਂਟ ਵਿਚ ਇਸ ਬਾਰੇ ਸਰਕਾਰੀ ਬਿਆਨ



www.AKJ.Org

ਵਿਚ ਦੱਸਿਆ ਗਿਆ ਸੀ ਕਿ ਸਰਕਾਰ ਅਜਿਹਾ ਕਾਨੂੰਨ ਬਨਾਉਣ ਦੇ ਮਾਮਲੇ ਤੇ ਵਿਚਾਰ ਕਰ ਰਹੀ ਹੈ। ਇਸ ਗੱਲ ਵਿਚ ਕੋਈ ਮਤਭੇਦ ਨਹੀਂ ਕਿ ਹਵਾਈ ਜਹਾਜ਼ ਅਗਵਾ ਕਰਨ ਦਾ ਮਾਮਲਾ ਬਹੁਤ ਗੰਭੀਰ ਹੈ ਅਤੇ ਇਸ ਵਿਚ ਹੋਈ ਹਿੰਸਕ ਘਟਨਾ ਕਾਰਨ ਜਾਨੀ ਅਤੇ ਮਾਲੀ ਨੁਕਸਾਨ ਵੀ ਹੋ ਸਕਦਾ ਹੈ। ਚੰਗੇ ਭਾਗਾਂ ਨੂੰ ਹੁਣ ਤਕ ਜਿੰਨੇ ਵੀ ਜਹਾਜ਼ ਅਗਵਾ ਹੋਏ ਉਨ੍ਹਾਂ ਵਿਚ ਹਿੰਸਕ ਘਟਨਾ ਹੋਣ ਦੀ ਨੌਬਤ ਨਹੀਂ ਸੀ ਆਈ ਪ੍ਰੰਤੂ ਸ਼ੁਕਰਵਾਰ ਦੇ ਜਹਾਜ਼ ਅਗਵਾ ਦੌਰਾਨ ਮੁਸੀਬਤ ਸਿੰਘ ਦੇ ਗੋਲੀ ਨਾਲ ਉਡਾਏ ਜਾਣ ਨਾਲ ਭਾਰਤ ਵਿਚ ਹਵਾਈ ਜਹਾਜ਼ਾਂ ਦੇ ਅਗਵਾ ਦਾ ਇਕ ਨਵਾਂ ਦੌਰ ਅਰੰਭ ਹੋ ਗਿਆ ਹੈ। ਭਾਵੇਂ ਸਰਕਾਰੀ ਅਧਿਕਾਰੀ ਹਵਾਈ ਅੱਡਿਆਂ ਤੇ ਜਿੰਨੀ ਮਰਜ਼ੀ ਸੁਰੱਖਿਆ ਦੇ ਪ੍ਰਬੰਧ ਕਰਨ ਪ੍ਰੰਤੂ ਫੇਰ ਵੀ ਇਕਾ ਦੁਕਾ ਮਾਮਲੇ ਵਿਚ ਅਜਿਹੀ ਘਟਨਾ ਹੋਣ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ। ਮੁਸੀਬਤ ਸਿੰਘ ਜੋਧਪੁਰ ਹਵਾਈ ਅੱਡੇ ਤੋਂ ਚੜ੍ਹਿਆ ਅਤੇ ਉਸ ਕੋਲ ਪਸਤੌਲ ਸੀ। ਏਨੀ ਹੀ ਗੱਲ ਜੋਧਪੁਰ ਦੇ ਸੁਰੱਖਿਆ ਪ੍ਰਬੰਧਾਂ ਤੇ ਟਿਪਣੀ ਕਰਨ ਲਈ ਕਾਫੀ ਹੈ।

ਸੁਆਲ ਸੁਰੱਖਿਆ ਪ੍ਰਬੰਧ ਮਜ਼ਬੂਤ ਕਰਨ ਦਾ ਵੀ ਨਹੀਂ, ਸੁਆਲ ਤਾਂ ਇਹ ਹੈ ਕਿ ਪਿਛਲੇ ਇਕ ਸਾਲ ਵਿਚ ਜੋ ਤਿੰਨ ਹਵਾਈ ਜਹਾਜ਼ ਅਗਵਾ ਹੋਏ ਉਨ੍ਹਾਂ ਦਾ ਕਾਰਨ ਸਰਕਾਰ ਵਲੋਂ ਸਿੱਖ ਮੰਗਾਂ ਵਲ ਧਿਆਨ ਨਾ ਦੇਣਾ ਸੀ। ਇਸ ਗੱਲ ਵਿਚ ਕੋਈ ਸ਼ੱਕ ਨਹੀਂ ਕਿ ਸਰਕਾਰ ਦਾ ਧਿਆਨ ਸਿੱਖ ਮੰਗਾਂ ਵੱਲ ਖਿੱਚਣ ਲਈ ਜਾਂ ਮੰਗਾਂ ਮਨਵਾਉਣ ਦਾ ਰਸਤਾ ਹਵਾਈ ਜਹਾਜ਼ ਅਗਵਾ ਨਹੀਂ ਪ੍ਰੰਤੂ ਇਨ੍ਹਾਂ ਤਿੰਨਾਂ ਘਟਨਾਵਾਂ ਪਿਛੋਂ ਵੀ ਸਰਕਾਰ ਨੇ ਸਿਖ ਮੰਗਾਂ ਮੰਨਣ ਦੀ ਦਿਸ਼ਾ ਵੱਲ ਕੀ ਕਦਮ ਚੁਕਿਆ ਹੈ? ਅਸੀਂ ੬ ਅਗਸਤ ਦੇ 'ਅਕਾਲੀ ਪੱਤ੍ਰਕਾ' ਦੇ ਸੰਪਾਦਕੀ ਵਿਚ ਇਹ ਲਿਖਿਆ ਸੀ ਕਿ ਜਹਾਜ਼ ਅਗਵਾ ਰੋਕਣ ਲਈ ਧਾੜਵੀਆਂ ਨੂੰ ਸਖ਼ਤ ਸਜ਼ਾ ਦੇਣ ਨਾਲ ਇਹ ਮਸਲਾ ਹੱਲ ਨਹੀਂ ਹੋਣ ਲਗਾ। ਜਦੋਂ ਤਕ ਸਿੱਖ ਮੰਗਾਂ ਵੱਲ ਸਰਕਾਰ ਧਿਆਨ ਨਹੀਂ ਦੇਂਦੀ, ਉਨਾ ਚਿਰ ਗਜਿੰਦਰ ਸਿੰਘ, ਗੁਰਬਖਸ਼ ਸਿੰਘ, ਮੁਸੀਬਤ ਸਿੰਘ ਅਤੇ ਪਤਾ ਨਹੀਂ ਹੋਰ ਕਿਹੜੇ ਕਿਹੜੇ ਸਿੰਘ ਪੈਦਾ ਹੁੰਦੇ ਰਹਿਣਗੇ। ਜਹਾਜ਼ ਅਗਵਾ ਦੀ ਘਟਨਾ ਕੋਈ ਅਜਿਹੀ ਨਹੀਂ ਜਿਸ ਨੂੰ ਉਚਿਤ ਕਰਾਰ ਦਿੱਤਾ ਜਾਏ ਅਤੇ ਧਾੜਵੀ ਨੂੰ ਵਡਿਆਇਆ ਜਾਏ ਪ੍ਰੰਤੂ ਮੁਸੀਬਤ ਸਿੰਘ ਦੇ ਮਰਨ ਨਾਲ ਮੁਸੀਬਤ ਖ਼ਤਮ ਨਹੀਂ ਹੋਈ ਅਤੇ ਸਰਕਾਰ ਨੂੰ ਇਸ ਮੁਸੀਬਤ ਨੂੰ ਖ਼ਤਮ ਕਰਨ ਲਈ ਕੋਈ ਸਥਾਈ ਹੱਲ ਲੱਭਣਾ ਚਾਹੀਦਾ ਹੈ।

ਐਨ ਜਿਸ ਸਮੇਂ ਇੰਡੀਅਨ ਏਅਰ ਲਾਈਨਜ਼ ਦਾ ਜਹਾਜ਼ ਅਗਵਾ ਕੀਤਾ ਜਾ ਰਿਹਾ ਸੀ, ਉਸੇ ਸਮੇਂ ਜਲੰਧਰ ਤੋਂ ੪੦ ਮੀਲ ਦੂਰ ਰਾਹੋਂ ਵਿਖੇ ਮੁਖ ਮੰਤਰੀ ਸ: ਦਰਬਾਰਾ ਸਿੰਘ ਦੇ ਜਲਸੇ ਵਿਚ ਸਟੇਜ ਤੇ ਬੰਬ ਸੁਟਿਆ ਗਿਆ। ਸ: ਦਰਬਾਰਾ ਸਿੰਘ ਨੂੰ ਕਤਲ ਕਰਨ ਦਾ ਇਹ ਪਹਿਲਾ ਯਤਨ ਨਹੀਂ। ਉਨ੍ਹਾਂ ਦੇ ਜੰਡਿਆਲਾ ਸਥਿਤ ਨਿਵਾਸ ਅਸਥਾਨ ਤੇ ਵੀ ਪਿਛਲੇ ਦਿਨੀਂ ਬੰਬ ਸੁਟ ਕੇ ਸ਼ਾਇਦ ਉਨ੍ਹਾਂ ਨੂੰ ਸੰਕੇਤ ਦਿਤਾ ਗਿਆ ਸੀ ਕਿ ਉਨ੍ਹਾਂ ਦੀ ਜ਼ਿੰਦਗੀ ਵੀ ਸੁਰਖਿਅਤ ਨਹੀਂ। ਚੰਗੇ ਭਾਗਾਂ ਨੂੰ ਮੁਖ ਮੰਤਰੀ ਤਾਂ ਬਚ ਗਏ ਪ੍ਰੰਤੂ ਵਿੱਦਿਆ ਮੰਤਰੀ ਸ: ਹਰਚਰਨ ਸਿੰਘ ਅਜਨਾਲਾ ਸਮੇਤ ਲਗਪਗ ਤਿੰਨ ਦਰਜਨ ਵਿਅਕਤੀ ਫੱਟੜ ਹੋ ਗਏ। ਪੁਲਿਸ ਨੇ ਮੌਕੇ ਤੇ ਇਕ ਵਿਅਕਤੀ ਨੂੰ ਗ੍ਰਿਫ਼ਤਾਰ ਵੀ ਕਰ ਲਿਆ। ਪੁਲਿਸ ਸੂਤਰਾਂ ਨੇ ਇਸ ਵਿਅਕਤੀ ਦਾ ਨਾਂ ਦਲਬੀਰ ਸਿੰਘ ਦਸਿਆ ਹੈ, ਜੋ ਨਿਰੰਕਾਰੀ ਮੁਖੀ ਗੁਰਬਚਨ ਸਿੰਘ ਅਤੇ ਲਾਲ ਜਗਤ ਨਰਾਇਣ ਕਤਲ ਕੇਸ ਵਿਚ ਭਗੋੜਾ ਕਰਾਰ ਦਿਤਾ ਜਾ ਚੁਕਾ ਹੈ। ਅਜੇ ਤਕ ਇਸ ਗੱਲ ਦੀ ਵੀ ਪੁਸ਼ਟੀ ਨਹੀਂ ਹੋਈ ਅਤੇ ਜਦੋਂ ਤਕ ਪੁਲਿਸ ਜਾਂਚ ਮੁਕੰਮਲ ਨਹੀਂ ਕਰ ਲੈਂਦੀ, ਇਹ ਕਹਿਣਾ ਔਖਾ ਹੈ ਕਿ ਮੁਖ ਮੰਤਰੀ ਤੇ ਹਮਲਾ ਕਰਨ ਵਾਲੇ ਦਾ ਸਬੰਧ ਕਿਸ ਜਥੇਬੰਦੀ ਨਾਲ ਹੈ ਜਾਂ ਜਹਾਜ਼ ਅਗਵਾ ਅਤੇ ਬੰਬ ਧਮਾਕਾ ਇਕ ਸਾਜ਼ਸ਼ ਦਾ ਸਿੱਟਾ ਤਾਂ ਨਹੀਂ। ਬਹੁਤ ਸਾਰੇ ਲੋਕ ਇਨ੍ਹਾਂ ਦੋਹਾਂ ਵਿਚ ਸੁਭਾਵਕ ਤੌਰ ਤੇ ਸਬੰਧ ਕਾਇਮ ਕਰਨ ਦਾ ਯਤਨ ਕਰਨਗੇ ਅਤੇ ਸੰਭਵ ਹੈ ਕਿ ਪੁਲਿਸ ਵੀ ਇਸੇ ਵਿਚਾਰ ਤੇ ਕੰਮ ਕਰਦੀ ਹੋਈ ਇਸ ਨੂੰ ਸਾਜ਼ਸ਼ ਕਰਾਰ ਦੇ ਵੀ ਦੇਵੇ, ਪ੍ਰੰਤੂ ਪਹਿਲੀ ਨਜ਼ਰੇ



www.AKJ.Org

ਦੋਹਾਂ ਵਿਚ ਕੋਈ ਸਬੰਧ ਨਜ਼ਰ ਨਹੀਂ ਆਉਂਦਾ। ਖ਼ੈਰ ਇਸ ਸਬੰਧੀ ਅਜੇ ਕੁਝ ਵੀ ਕਹਿਣਾ ਜਾਂਚ ਤੇ ਅਸਰ ਪਾਉਣਾ ਹੋਵੇਗਾ, ਜੋ ਠੀਕ ਨਹੀਂ। ਪ੍ਰੰਤੂ ਇਕ ਗੱਲ ਸਪਸ਼ਟ ਹੈ ਕਿ ਸਿਖ ਨੌਜੁਆਨ ਅਜੋਕੀ ਹਾਲਤ ਤੋਂ ਨਿਰਾਸ਼ ਹੋ ਕੇ ਹਿੰਸਕ ਕਾਰਵਾਈਆਂ ਤੇ ਉਤਰ ਆਇਆ ਹੈ, ਜੋ ਇਕ ਖ਼ਤਰਨਾਕ ਰੁਝਾਨ ਹੈ। ਨਾ ਕੇਵਲ ਇਹ ਸਮਾਜ ਲਈ ਸਗੋਂ ਸਮੁਚੇ ਸਿਖ ਜਗਤ ਲਈ ਇਹ ਖਤਰਨਾਕ ਸਾਬਤ ਹੋ ਸਕਦਾ ਹੈ ਅਤੇ ਸਾਨੂੰ ਇਹ ਗੱਲ ਸੋਚਣੀ ਪਵੇਗੀ ਕਿ ਅਸੀਂ ਕੌਮ ਦੀ ਆਉਂਦੀ ਪੀੜ੍ਹੀ ਅਤੇ ਬਹੁਮੁਲੇ ਸਰਮਾਏ ਨੂੰ ਗੁਮਰਾਹ ਹੋ ਕੇ ਹਿੰਸਕ ਕਾਰਵਾਈਆਂ ਤੋਂ ਰੋਕਣ ਲਈ ਕੀ ਕੁਝ ਕਰ ਸਕਦੇ ਹਾਂ। ਸਰਕਾਰ ਨੂੰ ਵੀ ਇਸ ਸਬੰਧੀ ਗੰਭੀਰਤਾ ਨਾਲ ਸੋਚਣਾ ਪਵੇਗਾ। ਅੱਜ ਤੱਕ ਸਰਕਾਰ, ਪੰਜਾਬ ਵਿਚ ਹੋ ਰਹੀਆਂ ਹਿੰਸਕ ਘਟਨਾਵਾਂ ਨੂੰ ਮੁਠੀ ਭਰ ਅਤਿਵਾਦੀਆਂ ਦੀਆਂ ਸਰਗਰਮੀਆਂ ਕਹਿ ਕੇ ਜਾਂ ਇਨ੍ਹਾਂ ਪਿਛੇ ਵਿਦੇਸ਼ੀ ਹੱਥ ਦਾ ਦੋਸ਼ ਲਾ ਕੇ ਅਸਲ ਮਸਲਿਆਂ ਨੂੰ ਹੱਲ ਕਰਨ ਦੀ ਬਜਾਏ ਉਨ੍ਹਾਂ ਨੂੰ ਟਾਲਦੀ ਆਈ ਹੈ। ਅੱਜ ਸਮੁੱਚਾ ਸਿਖ ਸਮਾਜ ਮੋਰਚਿਆਂ ਦੇ ਝੰਜਟ ਵਿਚ ਫਸਿਆ ਹੋਇਆ ਹੈ। ਸਿਖ ਕੌਮ ਦਾ ਕਸੂਰ ਇਹ ਹੈ ਕਿ ਉਹ ਆਪਣੇ ਧਾਰਮਿਕ ਮਸਲਿਆਂ ਅਤੇ ਖ਼ੁਸ਼ਹਾਲੀ ਲਈ ਕੀਤੇ ਜਾਣ ਵਾਲੇ ਯਤਨਾਂ ਪ੍ਰਤੀ ਚੇਤੰਨ ਹੈ ਅਤੇ ਇਸ ਚੇਤੰਨਤਾ ਨੂੰ ਕਈ ਵੇਰ ਪੰਜਾਬ ਦੇ ਗੈਰ-ਸਿੱਖ ਕੱਟੜ-ਪ੍ਰਸਤੀ, ਅਤਿਵਾਦ ਜਾਂ ਵੱਖਵਾਦ ਦਾ ਨਾਂ ਦੇ ਦੇਂਦੇ ਹਨ। ਸਿਖ ਮਸਲਿਆਂ ਅਤੇ ਮੰਗਾਂ ਪ੍ਰਤੀ ਚੇਤੰਨ ਨੌਜੁਆਨ ਸਮੁੱਚੀ ਕੌਮ ਦੀ ਲੀਡਰਸ਼ਿਪ ਨੂੰ ਮੋਰਚਿਆਂ ਦੀ ਸਥਿਤੀ ਵਿਚ ਗਲਤਾਨ ਹੋਇਆ ਨਹੀਂ ਵੇਖਣਾ ਚਾਹੁੰਦਾ। ਇਸੇ ਲਈ ਉਹ ਨਾ ਕੇਵਲ ਸਰਕਾਰ ਤੋਂ ਸਗੋਂ ਸ਼ਾਂਤਮਈ ਅੰਦੋਲਨ ਕਰਨ ਵਾਲੀ ਸਿਖ ਲੀਡਰਸ਼ਿਪ ਤੋਂ ਵੀ ਬਾਗੀ ਹੋ ਗਏ ਹਨ। ਸਰਕਾਰ ਨੂੰ ਇਹ ਸਮਝ ਲੈਣਾ ਚਾਹੀਦਾ ਹੈ ਕਿ ਹੁਣ ਗੱਲ ਕੇਵਲ ਅਕਾਲੀ ਲੀਡਰਸ਼ਿਪ ਦੇ ਵੱਸ ਹੀ ਨਹੀਂ ਰਹਿ ਗਈ ਸਗੋਂ ਜੇ ਅਕਾਲੀ ਲੀਡਰ ਚਾਹੁਣ ਵੀ ਤਾਂ ਵੀ ਉਹ ਸਿਖ ਨੌਜੁਆਨ ਤਬਕੇ ਨੂੰ ਸ਼ਾਂਤਮਈ ਢੰਗ ਨਾਲ ਚੱਲਣ ਤੇ ਮਜਬੂਰ ਨਹੀਂ ਕਰ ਸਕਣਗੇ। ਸ੍ਰੀਮਤੀ ਗਾਂਧੀ ਨੇ ਸ਼ਾਇਦ ਇਹ ਸਮਝਿਆ ਹੋਵੇ ਕਿ ਗਿਆਨੀ ਜ਼ੈਲ ਸਿੰਘ ਨੂੰ ਰਾਸ਼ਟਰਪਤੀ ਬਨਾਉਣ ਨਾਲ ਉਹ ਅਕਾਲੀ ਲੀਡਰਸ਼ਿਪ ਦੇ ਇਸ ਪ੍ਰਾਪੇਗੰਡੇ ਦਾ ਮੁਕਾਬਲਾ ਕਰ ਸਕਣਗੇ ਕਿ ਭਾਰਤ ਵਿਚ ਸਿਖਾਂ ਨਾਲ ਵਿਤਕਰਾ ਹੋ ਰਿਹਾ ਹੈ, ਪ੍ਰੰਤੂ ਰਾਸ਼ਟਰਪਤੀ ਦੀ ਚੋਣ ਦੌਰਾਨ ਅਕਾਲੀ ਲੀਡਰਸ਼ਿਪ ਵਲੋਂ ਗਿ: ਜ਼ੈਲ ਸਿੰਘ ਨੂੰ ਵੋਟਾਂ ਪਾ ਕੇ ਜੋ ਸਦਭਾਵਨਾ ਦਾ ਮਾਹੌਲ ਪੈਦਾ ਕੀਤਾ ਗਿਆ ਸੀ, ਉਹ ਸਾਰੀ ਦੀ ਸਾਰੀ ਸਦਭਾਵਨਾ ਅਕਾਲੀ ਲੀਡਰਸ਼ਿਪ ਨਾਲ ਸਿਖ ਮਸਲਿਆਂ ਤੇ ਗਲਬਾਤ ਨਾ ਕਰ ਕੇ ਸਰਕਾਰ ਨੇ ਖ਼ਤਮ ਕਰ ਲਈ ਹੈ। ਗਿ: ਜ਼ੈਲ ਸਿੰਘ ਦੀ ਚੋਣ, ਜੋ ਸਿੱਖ ਮੰਗਾਂ ਮੰਨਣ ਜਾਂ ਘਟੋ ਘਟ ਉਨ੍ਹਾਂ ਨਾਲ ਗਲਬਾਤ ਕਰਨ ਦੌਰਾਨ ਇਕ ਮੀਲ-ਪੱਥਰ ਸਾਬਤ ਹੋ ਸਕਦੀ ਸੀ, ਦੇ ਲਾਭ ਵੀ ਸਰਕਾਰ ਨੇ ਅਜਾਈਂ ਗੁਆ ਲਏ ਹਨ। ਗਿ: ਜ਼ੈਲ ਸਿੰਘ ਨੂੰ ਸ੍ਰੀਮਤੀ ਗਾਂਧੀ ਨੇ ਸਿਖ ਘੱਟ ਗਿਣਤੀ ਦੇ ਪ੍ਰਤੀਨਿਧ ਵਜੋਂ ਕਾਂਗਰਸ ਉਮੀਦਵਾਰ ਚੁਣਿਆ ਸੀ ਅਤੇ ਇਸੇ ਕਾਰਨ ਹੀ ਅਕਾਲੀ ਦਲਾਂ ਦੇ ਸਭ ਧੜਿਆਂ ਨੇ ਉਨ੍ਹਾਂ ਨੂੰ ਵੋਟਾਂ ਪਾਈਆਂ। ਜੇ ਉਹ ਅਜ ਰਾਸ਼ਟਰਪਤੀ ਦੇ ਦੇਸ਼ ਦੇ ਸਰਵਉਚ ਅਹੁਦੇ ਤੇ ਬਿਰਾਜਮਾਨ ਹਨ ਤਾਂ ਸਿਖੀ ਸਦਕਾ। ਉਨ੍ਹਾਂ ਨੂੰ ਚਾਹੀਦਾ ਹੈ ਕਿ ਉਹ ਮੌਕਾ ਸੰਭਾਲਣ ਅਤੇ ਸ੍ਰੀਮਤੀ ਗਾਂਧੀ ਨੂੰ ਸਲਾਹ ਦੇਣ ਕਿ ਉਹ ਸਿਖ ਮੰਗਾਂ ਬਾਰੇ ਅਕਾਲੀ ਲੀਡਰਸ਼ਿਪ ਨਾਲ ਗਲਬਾਤ ਕਰਨ ਅਤੇ ਜਿੰਨੀ ਛੇਤੀ ਹੋ ਸਕੇ, ਸਿੱਖ ਮੰਗਾਂ ਪ੍ਰਵਾਨ ਕਰਨ ਦਾ ਯਤਨ ਕੀਤਾ ਜਾਏ ਤਾਂ ਜੋ ਸਿੱਖ ਸੰਗਤਾਂ ਅਤੇ ਨੌਜੁਆਨ ਵਰਗ ਵਿਚ ਪੈਦਾ ਹੋ ਰਹੀ ਬੇਚੈਨੀ ਦੂਰ ਕੀਤੀ ਜਾ ਸਕੇ।

—ਸਤਿੰਦਰਪਾਲ ਸਿੰਘ ਕਪੂਰ

**ਅਕਾਲੀ ਪੱਤ੍ਰਕਾ, ੨੩ ਅਗਸਤ ੧੯੮੨**

## ਪੁਲਿਸ-ਮੁਕਾਬਲਿਆਂ ਤੇ ਮਾਸੂਮ ਸਿੰਘਾਂ ਤੇ ਤਸ਼ੱਦਦ ਦੀ ਜਾਂਚ ਲਈ ਦਲ ਵਲੋਂ ਕਮਿਸ਼ਨ ਕਾਇਮ—

ਅੰਮ੍ਰਿਤਸਰ ੨੨ ਅਗਸਤ—ਅੱਜ ਇਥੇ ਸ਼ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੰਤ ਹਰਚੰਦ ਸਿੰਘ



www.AKJ.Org

ਲੌਂਗੋਵਾਲ ਨੇ ਸੀਨੀਅਰ ਐਡਵੋਕੇਟ ਸ: ਅਜੀਤ ਸਿੰਘ 'ਸਰਹੱਦੀ' ਦੀ ਚੇਅਰਮੈਨਸ਼ਿਪ ਹੇਠ ਇਕ 'ਪੜਤਾਲੀਆ ਕਮਿਸ਼ਨ' ਬੈਠਾਉਣ ਦਾ ਐਲਾਨ ਕੀਤਾ ਹੈ, ਜੋ ਪੁਲਿਸ ਵਲੋਂ ਮਾਸੂਮ ਲੋਕਾਂ ਤੇ ਕੀਤੇ ਜਾ ਰਹੇ ਅਣਮਨੁਖੀ ਤਸ਼ੱਦਦ ਅਤੇ ਅਖੌਤੀ ਪੁਲਿਸ ਮੁਕਾਬਲਿਆਂ ਦੀ ਮੁਕੰਮਲ ਜਾਂਚ ਪੜਤਾਲ ਕਰਕੇ ਰੀਪੋਰਟ ਤਿਆਰ ਕਰੇਗਾ। ਸ: ਸਰਹੱਦੀ ਤੋਂ ਬਿਨਾਂ ਇਸ ਪੜਤਾਲੀਆ ਕਮਿਸ਼ਨ ਵਿਚ ਸ: ਅਜਮੇਰ ਸਿੰਘ ਸਮਰਾਲਾ ਐਡਵੋਕੇਟ, ਸਾਬਕ ਮੰਤਰੀ ਸ: ਗੁਰਦਰਸ਼ਨ ਸਿੰਘ ਗਰੇਵਾਲ ਐਡਵੋਕੇਟ ਚੰਡੀਗੜ੍ਹ, ਸ: ਮਨਜੀਤ ਸਿੰਘ ਖਹਿਰਾ ਐਡਵੋਕੇਟ ਚੰਡੀਗੜ੍ਹ, ਸ: ਮਲਕੀਅਤ ਸਿੰਘ ਐਡਵੋਕੇਟ ਮੋਗਾ, ਸ: ਪੂਰਨ ਸਿੰਘ ਹੁੰਦਲ ਐਡਵੋਕੇਟ ਅੰਮ੍ਰਿਤਸਰ ਅਤੇ ਸ: ਸੁਰਿੰਦਰਪਾਲ ਸਿੰਘ ਗਿੱਲ, ਐਡਵੋਕੇਟ ਪੱਟੀ ਮੈਂਬਰ ਲਏ ਗਏ ਹਨ। ਸੰਤ ਜੀ ਨੇ ਦੱਸਿਆ ਕਿ 'ਪੜਤਾਲੀਆ 'ਕਮਿਸ਼ਨ' ਦੀ ਰਿਪੋਰਟ ਆਉਣ ਤੋਂ ਉਹ ਰਿਪੋਰਟ ਸਮੂੰਹ ਪਾਰਲੀਮੈਂਟ ਦੇ ਮੈਂਬਰਾਂ ਅਤੇ ਭਾਰਤ ਵਿਚ ਦੂਜੇ ਦੇਸ਼ਾਂ ਦੇ ਸਫਾਰਤ-ਖਾਨਿਆਂ ਨੂੰ ਵੀ ਭੇਜੀ ਜਾਏਗੀ ਤਾਂਕਿ ਸਾਰੀ ਦੁਨੀਆ ਨੂੰ ਪੰਜਾਬ ਸਰਕਾਰ ਅਤੇ ਪੁਲਿਸ ਵਲੋਂ ਮਾਸੂਮ ਲੋਕਾਂ ਤੇ ਕੀਤੇ ਅੱਤਿਆਚਾਰਾਂ ਅਤੇ ਸਿੱਖ ਨੌਜੁਵਾਨਾਂ ਦੇ ਕੀਤੇ ਗਏ ਕਤਲੇਆਮ ਬਾਰੇ ਮੁਕੰਮਲ ਜਾਣਕਾਰੀ ਮਿਲ ਸਕੇ। ਸੰਤ ਜੀ ਨੇ ਸਪੱਸ਼ਟ ਕੀਤਾ ਕਿ ਸ਼ਰੋਮਣੀ ਅਕਾਲੀ ਦਲ ਨੇ ਹਮੇਸ਼ਾ ਸ਼ਾਂਤਮਈ ਸੰਘਰਸ਼ ਕੀਤੇ ਹਨ ਅਤੇ ਔਖੀ ਤੋਂ ਔਖੀ ਘੜੀ ਵਿਚ ਕਿਸੇ ਪ੍ਰਕਾਰ ਦੇ ਤਸ਼ੱਦਦ ਦਾ ਸਹਾਰਾ ਨਹੀਂ ਲਿਆ। ਸੰਤ ਜੀ ਨੇ ਕਿਹਾ ਕਿ ਸ਼ਰੋਮਣੀ ਅਕਾਲੀ ਦਲ ਤਸ਼ੱਦਦ ਵਿਚ ਬਿਲਕੁਲ ਵਿਸ਼ਵਾਸ ਨਹੀਂ ਰਖਦਾ, ਪਰ ਸਰਕਾਰ ਵਲੋਂ ਮਾਸੂਮ ਅਤੇ ਅੰਮ੍ਰਿਤਧਾਰੀ ਸਿੰਘਾਂ ਤੇ ਕੀਤੇ ਜਾ ਰਹੇ ਖੁਲ੍ਹੇਆਮ ਕਤਲੇਆਮ ਨੂੰ ਵੀ ਅੱਖਾਂ ਬੰਦ ਕਰਕੇ ਨਹੀਂ ਵੇਖ ਸਕਦਾ। ਪੰਜਾਬ ਦੇ ਸੀਨੀਅਰ ਕਾਨੂੰਨਦਾਨਾਂ ਤੇ ਅਧਾਰਿਤ 'ਪੜਤਾਲੀਆ ਕਮਿਸ਼ਨ' ਪੰਜਾਬ ਵਿਚ ਚਲ ਰਹੇ ਪੁਲਿਸ ਤਸ਼ੱਦਦ ਦੇ ਦੌਰ ਅਤੇ ਪੁਲਿਸ ਵਲੋਂ ਅਖੌਤੀ ਮੁਕਾਬਲਿਆਂ ਬਾਰੇ ਘੜੀਆਂ ਜਾ ਰਹੀਆਂ ਕਹਾਣੀਆਂ ਬਾਰੇ ਸੱਚ ਝੂਠ ਦਾ ਨਿਤਾਰਾ ਕਰ ਕੇ, ਇਹਨਾਂ ਦੀ ਸਹੀ ਤਸਵੀਰ ਦੁਨੀਆਂ ਦੇ ਸਾਹਮਣੇ ਲਿਆਵੇਗਾ। ਸੰਤ ਜੀ ਨੇ ਕਿਹਾ ਕਿ ਅਸੀਂ ਕਿਸੇ ਕਥਿਤ ਦੋਸ਼ੀ ਵਿਰੁੱਧ ਕਾਨੂੰਨੀ ਕਾਰਵਾਈ ਕਰਨ ਦੇ ਵਿਰੁੱਧ ਨਹੀਂ, ਪਰ ਪੁਲਿਸ ਨੂੰ ਫੈਸਲਾ ਕਰਨ ਜਾਂ ਕਿਸੇ ਨੂੰ ਕਤਲ ਕਰਨ ਦਾ ਅਧਿਕਾਰ ਨਹੀਂ ਦਿੱਤਾ ਜਾ ਸਕਦਾ। ਸੰਤ ਜੀ ਨੇ ਹੋਰ ਕਿਹਾ ਕਿ ਮੌਜੂਦਾ ਸਾਰੀ ਗੜਬੜ ਅਤੇ ਹਿੰਸਾ ਦੇ ਵਾਤਾਵਰਨ ਲਈ ਕਾਂਗਰਸ ਸਰਕਾਰ ਦੀਆਂ ਫ਼ਿਰਕੂ ਤੇ ਸਿੱਖ ਮਾਰੂ ਨੀਤੀਆਂ ਜ਼ੁਮੇਵਾਰ ਹਨ। ਉਹਨਾਂ ਨੇ ਹੋਰ ਕਿਹਾ ਕਿ ਜਦੋਂ ਕਿਸੇ ਸ਼ਾਂਤਮਈ ਤੇ ਹੱਕੀ ਅੰਦੋਲਨ ਨੂੰ ਪੁਲਿਸ ਤਸ਼ੱਦਦ ਨਾਲ ਦਬਾਇਆ ਜਾਂਦਾ ਹੈ, ਉਸ ਦੇ ਪ੍ਰਤੀਕਰਮ ਵਜੋਂ ਹਿੰਸਕ ਅੰਦੋਲਨ ਪੈਦਾ ਹੁੰਦੇ ਹਨ। ਭਾਰਤ ਦੀ ਅਜ਼ਾਦੀ ਦੇ ਇਤਿਹਾਸ ਵਿਚ ਕਾਂਗਰਸ ਦੀ ਸ਼ਾਂਤਮਈ ਜਦੋ-ਜਹਿਦ ਤੋਂ ਬਾਅਦ ਭਗਤ ਸਿੰਘ ਦੇ ਸਾਥੀਆਂ ਦਾ ਅੰਦੋਲਨ ਅਤੇ ਸ਼ਾਂਤਮਈ ਅਕਾਲੀ ਲਹਿਰ ਤੋਂ ਬਾਅਦ "ਬਬਰ ਅਕਾਲੀ ਲਹਿਰ" ਇਸ ਦੀਆਂ ਪ੍ਰਤੱਖ ਮਿਸਾਲਾਂ ਹਨ। ਸੰਤ ਜੀ ਨੇ ਕਿਹਾ ਹੈ ਕਿ ਕੇਂਦਰੀ ਹੁਕਮਰਾਨਾਂ ਨੂੰ ਬੀਤੇ ਇਤਿਹਾਸ ਤੋਂ ਸਬਕ ਸਿਖ ਕੇ ਸ਼ਰੋਮਣੀ ਅਕਾਲੀ ਦਲ ਦੀਆਂ ਮੰਗਾਂ ਨੂੰ ਪ੍ਰਵਾਨ ਕਰਕੇ ਹਾਲਾਤ ਨੂੰ ਸੁਧਾਰਨਾ ਚਾਹੀਦਾ ਹੈ।

**ਅਕਾਲੀ ਪੱਤ੍ਰਕਾ, ੨੪ ਅਗਸਤ, ਪੰਨਾ ੬–**

**ਪੁਲਿਸ ਹਰਮਿੰਦਰ ਸਿੰਘ ਸੰਧੂ ਦੇ ਭਰਾ ਨੂੰ ਜਬਰਨ ਚੁਕ ਕੇ ਲੈ ਗਈ–**

ਅੰਮ੍ਰਿਤਸਰ, ੨੩ ਅਗਸਤ–(ਮਹਿੰਦਰ ਸਿੰਘ) ਆਲ ਇੰਡੀਆ ਸਿੱਖ ਸਟੂਡੈਂਟਸ ਫ਼ੈਡਰੇਸ਼ਨ ਦੇ ਜਨਰਲ ਸੈਕਟਰੀ ਸ: ਹਰਮਿੰਦਰ ਸਿੰਘ ਸੰਧੂ ਦੇ ਵਡੇ ਭਰਾ ਸ: ਉਪਕਾਰ ਸਿੰਘ ਸੰਧੂ ਨੂੰ ਅਜ ਪੁਲਿਸ ਉਸ ਸਮੇਂ ਜਬਰਨ ਚੁਕ ਕੇ ਲੈ ਗਈ ਜਦੋਂ ਕਿ ਉਹ ਕਚਹਿਰੀ ਨੇੜੇ ਇਕ ਦੁਕਾਨ ਤੋਂ ਕਪੜਾ ਖ਼ਰੀਦ ਰਹੇ ਸਨ। ਦਸਿਆ ਜਾਂਦਾ ਹੈ ਕਿ ਸ: ਉਪਕਾਰ ਸਿੰਘ ਸੰਧੂ ਦਾ ਫੈਡਰੇਸ਼ਨ ਦੀਆਂ ਸਰਗਰਮੀਆਂ ਨਾਲ ਕੋਈ ਸਬੰਧ ਨਹੀਂ ਸੀ। ਉਸ ਨੂੰ ਨਾ ਮਲੂਮ ਥਾਂ ਤੇ ਲੈ ਜਾਇਆ ਗਿਆ ਹੈ ਅਤੇ ਹੁਣ ਤਕ ਉਸ ਬਾਰੇ ਕੋਈ ਪਤਾ ਨਹੀਂ ਲਗਾ।...



www.AKJ.Org

**ਅਕਾਲੀ ਪੱਤ੍ਰਕਾ, ੨੪ ਅਗਸਤ**–ਸੰਤ ਲੌਂਗੋਵਾਲ ਦਾ ਦੋਸ਼–

**ਪੰਜਾਬ ਸਰਕਾਰ ਦੀ ਸਿੱਖ ਸਟੂਡੈਂਟਸ ਫ਼ੈਡਰੇਸ਼ਨ ਦੇ ਸਰਗਰਮ ਵਰਕਰਾਂ ਨੂੰ ਖਤਮ ਕਰਨ ਦੀ ਯੋਜਨਾ**

ਅੰਮ੍ਰਿਤਸਰ, ੨੩ ਅਗਸਤ-(ਮਹਿੰਦਰ ਸਿੰਘ) ਸ੍ਰ: ਅਕਾਲੀ ਦਲ ਦੇ ਪ੍ਰਧਾਨ ਅਤੇ ਮੋਰਚੇ ਦੇ ਡਿਕਟੇਟਰ ਸੰਤ ਹਰਚੰਦ ਸਿੰਘ ਲੌਂਗੋਵਾਲ ਨੇ ਮੰਜੀ ਸਾਹਿਬ ਵਿਖੇ ਭਾਰੀ ਇਕੱਠ ਨੂੰ ਸੰਬੋਧਨ ਕਰਦਿਆਂ ਇਲਜ਼ਾਮ ਲਗਾਇਆ ਕਿ ੨੧ ਅਗਸਤ ਨੂੰ ਚੰਡੀਗੜ੍ਹ ਵਿਚ ਕੈਬਨਿਟ ਮੀਟਿੰਗ ਵਿਚ ਪੰਜਾਬ ਸਰਕਾਰ ਵਲੋਂ ਫ਼ੈਸਲਾ ਕੀਤਾ ਗਿਆ ਹੈ ਕਿ ਆਲ ਇੰਡੀਆ ਸਿੱਖ ਸਟੂਡੈਂਟਸ ਫ਼ੈਡਰੇਸ਼ਨ ਦੇ ਸਾਰੇ ਸਰਗਰਮ ਵਰਕਰਾਂ ਨੂੰ ਖ਼ਤਮ ਕਰਨ ਲਈ ਉਹਨਾਂ ਨੂੰ ਜਬਰਨ ਫੜ ਕੇ ਗੋਲੀ ਮਾਰ ਦਿਤੀ ਜਾਵੇ। ਇਸ ਤਰ੍ਹਾਂ ਇਸ ਸੰਸਥਾ ਨੂੰ ਕੁਚਲ ਕੇ ਰਖ ਦਿਤਾ ਜਾਵੇ। ਸਿੱਖ ਸਟੂਡੈਂਟਸ ਫ਼ੈਡਰੈਸ਼ਨ ਦੇ ਸਾਰੇ ਵਰਕਰਾਂ ਨੂੰ ਅਤਵਾਦੀ ਘੋਸ਼ਤ ਕੀਤੇ ਜਾਣ ਦੀ ਸੰਭਾਵਨਾ ਹੈ। ਇਸ ਦੇ ਨਾਲ ਹੀ ਪਿੰਡ ਮਹਿਤਾ ਵਿਖੇ ਸੰਤ ਜਰਨੈਲ ਸਿੰਘ ਭਿੰਡਰਾਂ ਦੇ ਹੈਡਕੁਆਟਰ ਗੁਰਦਵਾਰਾ ਗੁਰਦਰਸ਼ਨ ਪ੍ਰਕਾਸ਼ ਦੀ ਵੀ ਜਬਰਨ ਤਲਾਸ਼ੀ ਲਏ ਜਾਣ ਦੀ ਯੋਜਨਾ ਹੈ। ਸੰਤ ਹਰਚੰਦ ਸਿੰਘ ਲੌਂਗੋਵਾਲ ਨੇ ਕੇਂਦਰ ਤੇ ਪੰਜਾਬ ਸਰਕਾਰ ਨੂੰ ਤਾੜਨਾ ਕੀਤੀ ਕਿ ਜੇਕਰ ਅਜਿਹਾ ਕੀਤਾ ਗਿਆ ਤਾਂ ਇਸ ਕਾਰਵਾਈ ਦੇ ਭਿਆਨਕ ਸਿੱਟੇ ਨਿਕਲਣਗੇ ਅਤੇ ਇਨ੍ਹਾਂ ਸਿਟਿਆਂ ਦੀ ਜ਼ਿਮੇਵਾਰੀ ਪੰਜਾਬ ਸਰਕਾਰ ਦੇ ਸਿਰ ਹੋਵੇਗੀ। ਸੰਤ ਲੌਂਗੋਵਾਲ ਨੇ ਕਿਹਾ ਕਿ ਸਰਕਾਰ ਸ਼ਾਂਤਮਈ ਮੋਰਚੇ ਨੂੰ ਭੜਕਾਹਟ ਵਿਚ ਲਿਆਉਣ ਲਈ ਅਜਿਹੀਆਂ ਯੋਜਨਾਵਾਂ ਬਣਾ ਰਹੀ ਹੈ, ਤਾਂ ਜੁ ਐਮਰਜੈਂਸੀ ਲਈ ਰਾਹ ਪਧਰਾ ਕੀਤਾ ਜਾ ਸਕੇ।

**ਪੰਜਾਬ ਕੇਸਰੀ ਤੇ ਹਿੰਦ ਸਮਾਚਾਰ ਦੀ ਗ਼ਲਤ ਬਿਆਨੀ**–

ਭਾਈ ਵੀਰ ਸਿੰਘ ਜੀ ਦੇ ਅਖ਼ਬਾਰ 'ਖ਼ਾਲਸਾ ਸਮਾਚਾਰ' ਨੇ ੧੯ ਅਗਸਤ ੮੨ ਦੇ ਪਰਚੇ ਵਿਚ ਉਪਰੋਕਤ ਅਖ਼ਬਾਰਾਂ ਦੀ ਗ਼ਲਤ ਬਿਆਨੀ ਦੀ ਐਉਂ ਤਰਦੀਦ ਕੀਤੀ ਹੈ–

"ਪੰਜਾਬ ਦੀਆਂ ਦੋ ਅਖ਼ਬਾਰਾਂ ਹਿੰਦ ਸਮਾਚਾਰ ਤੇ ਪੰਜਾਬ ਕੇਸਰੀ ਨੇ ਮਿਤੀ ੯–੮–੮੨ ਦੇ ਪਰਚਿਆਂ ਵਿਚ ਇਕ ਬੇਬੁਨਿਆਦ ਬਿਆਨ ਛਾਪਿਆ ਹੈ ਕਿ ਲਾਰਡ ਡੈਨਿੰਗ ਤੇ ਹੋਰ ਜੱਜਾਂ ਨੇ ਉਪਰੋਕਤ ਫੈਸਲਾ ਦੇਣ ਤੋਂ ਪਹਿਲਾਂ ਭਾਈ ਸਾਹਿਬ ਭਾਈ ਵੀਰ ਸਿੰਘ ਜੀ ਰਚਿਤ ਪੁਸਤਕ 'ਖਾਲਿਸਤਾਨ ਚਮਤਕਾਰ' ਤੇ ਖਾਲਸਾ ਸਮਾਚਾਰ ਦਾ ਅਧਿਅਨ ਕੀਤਾ। ਉਹਨਾਂ ਇਹ ਵੀ ਲਿਖਿਆ ਹੈ ਕਿ ਭਾਈ ਸਾਹਿਬ ਦੀ ਲਿਖਤ ਮੁਤਾਬਕ ਗੁਰੂ ਸਾਹਿਬ ਨੇ ਆਪਣੇ ਸਿੱਖਾਂ ਨੂੰ ਸੰਸਕ੍ਰਿਤ ਦੀ ਉਚ ਵਿਦਿਆ ਪ੍ਰਾਪਤ ਕਰਨ ਲਈ ਬਨਾਰਸ ਭੇਜਿਆ ਸੀ। ਪਰ ਬਨਾਰਸ ਦੇ ਪੰਡਿਤਾਂ ਨੇ ਕੇਸਾਧਾਰੀ ਸਿੱਖਾਂ ਨੂੰ ਵਿਦਯਾ ਦੇਣ ਤੋਂ ਨਾਂਹ ਕਰ ਦਿਤੀ। ਜਿਸ ਤੇ ਗੁਰੂ ਸਾਹਿਬ ਨੇ ਆਪਣੇ ਸਿੱਖਾਂ ਨੂੰ ਕੇਸ ਕਟਵਾ ਕੇ ਵਿਦਯਾ ਪ੍ਰਾਪਤ ਕਰਨ ਦੀ ਆਗਿਆ ਕੀਤੀ ਸੀ।

ਪਹਿਲੀ ਗੱਲ ਤਾਂ ਇਹ ਹੈ ਕਿ ਭਾਈ ਸਾਹਿਬ ਨੇ 'ਖ਼ਾਲਿਸਤਾਨ ਚਮਤਕਾਰ' ਨਾਮ ਦੀ ਕੋਈ ਪੁਸਤਕ ਨਹੀਂ ਲਿਖੀ। ਉਨ੍ਹਾਂ ਦੀਆਂ ਰਚਨਾਵਾਂ ਦੇ ਨਾਮ ਤਾਂ ਸ੍ਰੀ ਗੁਰੂ ਨਾਨਕ ਚਮਤਕਾਰ ਤੇ ਸ੍ਰੀ ਕਲਗੀਧਰ ਚਮਤਕਾਰ ਹਨ। ਫਿਰ ਉਹਨਾਂ ਨੇ ਸ੍ਰੀ ਕਲਗੀਧਰ ਚਮਤਕਾਰ ਵਿਚ ਕਿਤੇ ਵੀ ਇਹ ਨਹੀਂ ਲਿਖਿਆ ਕਿ ਗੁਰੂ ਸਾਹਿਬ ਜੀ ਨੇ ਬਨਾਰਸ ਤੋਂ ਸੰਸਕ੍ਰਿਤ ਦੀ ਵਿਦਯਾ ਪ੍ਰਾਪਤ ਕਰਨ ਲਈ ਸਿਖਾਂ ਨੂੰ ਆਪਣੇ ਕੇਸ ਕਤਲ ਕਰਾਉਣ ਹਿਤ ਕੋਈ ਆਗਯਾ ਜਾਂ ਹਦਾਇਤ ਕੀਤੀ ਹੋਵੇ। ਇਨ੍ਹਾਂ ਅਖ਼ਬਾਰਾਂ ਵਿਚ ਜੋ ਕੁਝ ਲਿਖਿਆ ਗਿਆ ਹੈ, ਸਰਾਸਰ ਗ਼ਲਤ ਹੈ।"

---

ਭਾ: ਜੁਗਿੰਦਰ ਸਿੰਘ ਪਿੰਡ ਨੈਨੇਕੋਟ (ਗੁਰਦਾਸਪੁਰ) ਦੇ ਗ੍ਰਿਹਿ ਵਿਖੇ ੨ ਅਕਤੂਬਰ ਸ਼ਨੀਵਾਰ ਨੂੰ ਸ੍ਰੀ ਅਖੰਡਪਾਠ ਦੇ ਭੋਗ, ਅੰਮ੍ਰਿਤ ਸਿੰਚਾਰ ਤੇ ਰੈਣ ਸਬਾਈ ਕੀਰਤਨ ਹੋ ਰਹੇ ਹਨ।



www.AKJ.Org

# ਨਿਸ਼ਾਨ ਸਾਹਿਬਾਨ ਤੇ ਸੋਨੇ ਦੇ ਖੰਡੇ

[ਵਲੋਂ—ਸ: ਹਰਬੰਸ ਸਿੰਘ ਜੀ ਲਾਇਲਪੁਰੀ, ਜਲੰਧਰ]

੬ ਜੁਲਾਈ ੧੯੮੨ ਦੇ ਅਖ਼ਬਾਰਾਂ ਵਿਚ ਇਹ ਖ਼ਬਰ ਪ੍ਰਕਾਸ਼ਤ ਹੋਈ ਕਿ ਨਵੀਂ ਦਿਲੀ ਗੁਰਦੁਆਰਾ ਰਕਾਬਗੰਜ ਸਾਹਿਬ ਵਿਚ ਨਿਸ਼ਾਨ ਸਾਹਿਬ ਉਤੇ, ਸੰਗਤਾਂ ਦੇ ਭਾਰੀ ਇਕੱਠ ਵਿਚ ਪੂਰਨ ਸਨਮਾਨ ਨਾਲ ੨੧ ਕਿਲੋ ਸੋਨੇ ਦਾ ਖੰਡਾ ਸੁਸ਼ੋਭਤ ਕੀਤਾ ਗਿਆ।

ਇੰਨੀ ਭਾਰੀ ਸੇਵਾ ਕਰਨ ਵਾਲੀਆਂ ਸਿਖ ਸੰਗਤਾਂ ਅਤੇ ਮਾਈਆਂ ਬੀਬੀਆਂ ਦੀ ਅਪਾਰ ਸ਼ਰਧਾ ਤੇ ਪ੍ਰੇਮ ਅਗੇ ਸੀਸ ਝੁਕ ਜਾਂਦਾ ਹੈ, ਜੋ ਆਪਣਾ ਧਨ-ਧਾਮ ਸਭ ਕੁਝ ਗੁਰੂ-ਧਾਮਾਂ ਤੋਂ ਵਾਰਨ ਲਈ ਸਦਾ ਤਿਆਰ ਰਹਿੰਦੀਆਂ ਹਨ।

ਪਰ ਅਜਿਹੀਆਂ ਖ਼ਬਰਾਂ ਪੜ੍ਹ ਕੇ ਵਿਚਾਰ ਪੈਦਾ ਹੁੰਦੀ ਹੈ ਕਿ ਅਸੀਂ ਆਪਣੀ ਮਰਯਾਦਾ ਤੇ ਸਿਖੀ ਪਰੰਪਰਾ ਨੂੰ ਤਿਆਗ ਕੇ ਕਿਹੜੇ ਪਾਸੇ ਜਾ ਰਹੇ ਹਾਂ। ਪਹਿਲਾਂ ਵੀ ਕੁਝ-ਇਕ ਅਸਥਾਨਾਂ ਤੇ ਨਿਸ਼ਾਨ ਸਾਹਿਬਾਨ ਦੇ ਉਪਰ ਸੋਨੇ ਦੀਆਂ ਝਾਲਾਂ ਚੜ੍ਹਾਈਆਂ ਸੁਣੀਦੀਆਂ ਹਨ ਅਤੇ ਹੁਣ ਇਸ ਖ਼ਬਰ ਨੇ ਹੋਰ ਵੀ ਪ੍ਰੇਸ਼ਾਨੀ ਵਧਾ ਦਿਤੀ ਹੈ। ਜਿਨ੍ਹਾਂ ਗੁਰਦੁਆਰਾ ਕਮੇਟੀਆਂ ਨੇ ਸਿਖੀ ਮਰਯਾਦਾ ਦੀ ਰਾਖੀ ਕਰਨੀ ਹੈ, ਜੇ ਉਨ੍ਹਾਂ ਦੀ ਆਗਿਆ ਤੇ ਸਹਿਯੋਗ ਨਾਲ ਹੀ ਗੁਰਸਿਖੀ ਪਰੰਪਰਾ ਦਾ ਘਾਤ ਕੀਤਾ ਜਾਣਾ ਹੈ ਤਾਂ ਫਿਰ ਪੁਕਾਰ ਕਿਸ ਅਗੇ ਕਰੀਏ ?

ਸਿਖ ਧਰਮ ਦੀ ਪਰੰਪਰਾ ਸਰਬ ਲੋਹ ਦੇ ਸ਼ਸਤਰਾਂ ਨਾਲ, ਸਰਬ ਲੋਹ ਦੇ ਖੰਡੇ ਬਾਟੇ ਨਾਲ, ਸਰਬ ਲੋਹ ਦੇ ਨਿਸ਼ਾਨ ਸਾਹਿਬਾਨ ਅਤੇ ਉਪਰ ਸਰਬ ਲੋਹ ਦੇ ਖੰਡੇ ਨਾਲ ਹੀ ਸੁਸ਼ੋਭਤ ਹੈ। ਇਹ ਨਵੀਂ ਪ੍ਰਪਾਟੀ ਜੋ ਚਲਾਈ ਜਾ ਰਹੀ ਹੈ, ਇਹ ਗੁਰਸਿਖੀ ਮਰਯਾਦਾ ਦਾ ਘਾਤ ਹੈ। ਦਸਮ ਪਾਤਸ਼ਾਹ ਜੀ ਨੇ ਖਾਲਸੇ ਨੂੰ ਸਰਬ ਲੋਹ ਦਾ ਖੰਡਾ ਕ੍ਰਿਪਾਨ ਕੜਾ ਬਖਸ਼ਸ਼ ਕੀਤੀ ਹੋਈ ਹੈ। ਅਜ ਸਮੇਂ ਦੇ ਫੇਰ ਕਾਰਨ ਕਈ ਗ਼ਲਤ ਮਰਯਾਦਾਵਾਂ ਚਲ ਪਈਆਂ ਹਨ। ਜਿਸ ਤਰ੍ਹਾਂ ਕਿ ਸਿਖ ਬੱਚੀਆਂ ਦੇ ਰਿਸ਼ਤੇ ਕਰਨ ਸਮੇਂ ਜੋ ਸਗਨ ਦਿਤਾ ਜਾਂਦਾ ਹੈ, ਉਸ ਵਿਚ ਪੰਜ ਕਕਾਰ ਦੇਣ ਦਾ ਰਿਵਾਜ ਸਿੰਘਾਂ ਵਿਚ ਪ੍ਰਚਲਤ ਸੀ। ਪਰ ਹੁਣ ਸਰਬ-ਲੋਹ ਦੇ ਕੜੇ ਦੀ ਥਾਂ ਸੋਨੇ ਦਾ ਕੜਾ ਦਿਤਾ ਜਾਂਦਾ ਹੈ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਬਰਾਦਰੀ ਦੇ ਇਕੱਠ ਵਿਚ ਧੀਤੇ ਪ੍ਰਵਾਰ ਦਾ ਮੁਖੀ ਸਜਨ ਬੱਚੇ ਨੂੰ ਪਹਿਨਾਂਦਾ ਹੈ। ਬੱਚੇ ਨੇ ਜੋ ਸਰਬ-ਲੋਹ ਦਾ ਕੜਾ ਪਾਇਆ ਹੁੰਦਾ ਹੈ, ਬਾਅਦ ਵਿਚ ਉਹ ਉਤਾਰ ਕੇ ਕੇਵਲ ਸੋਨੇ ਦਾ ਕੜਾ ਪਾ ਕੇ ਆਪਣੀ ਅਮੀਰੀ ਦਾ ਪ੍ਰਗਟਾਵਾ ਕੀਤਾ ਜਾਂਦਾ ਹੈ। ਇਸੇ ਤਰ੍ਹਾਂ ਕਈ ਅਮੀਰ ਸਿਖ ਸਰਬ-ਲੋਹ ਦੇ ਕੜੇ ਨੂੰ ਤਿਲਾਂਜਲੀ ਦੇ ਕੇ ਸੋਨੇ ਦਾ ਕੜਾ ਪਾਂਦੇ ਹਨ।

ਦਸਮ ਪਾਤਸ਼ਾਹ ਜੀ ਨੇ ਖਾਲਸੇ ਨੂੰ ਸਰਬ-ਲੋਹ ਦੇ ਸ਼ਸਤਰ ਬਖ਼ਸ਼ ਕੇ ਫੁਰਮਾਇਆ ਸੀ ਕਿ—

ਅਕਾਲ ਪੁਰਖ ਕੀ ਰਛਾ ਹਮ ਨੈ ॥ ਸਰਬ ਲੋਹ ਕੀ ਰਛਿਆ ਹਮ ਨੈ ॥
ਸਰਬ ਕਾਲ ਜੀ ਦੀ ਰਛਿਆ ਹਮ ਨੈ ॥ ਸਰਬ ਲੋਹ ਜੀ ਦੀ ਰਛਿਆ ਹਮ ਨੈ ॥

ਅਕਾਲ ਉਸਤਤਿ, ਮੰਗਲਾਚਰਨ

ਆਰਥਕ ਪੱਖ ਤੋਂ ਵੇਖਿਆ ਜਾਵੇ ਤਾਂ ਭੀ ੨੧ ਕਿਲੋ ਸੋਨਾ ਅਜ ਕਈ ਲਖਾਂ ਦਾ ਬਣਦਾ ਹੈ, ਜਿਸ ਨਾਲ ਵਡੀ ਤੋਂ ਵਡੀ ਸੰਸਥਾ ਖੜੀ ਕਰ ਕੇ ਹਜ਼ਾਰਾਂ ਸਿਖ ਬੱਚਿਆਂ ਨੂੰ ਦਸਤਕਾਰੀ ਹੁਨਰ ਸਿਖਾਅ ਕੇ ਕਿਸੇ ਹਦ ਤਕ ਬੇਰੁਜ਼ਗਾਰੀ ਖ਼ਤਮ ਕਰਨ ਵਿਚ ਸਹਾਇਤਾ ਮਿਲ ਸਕਦੀ ਹੈ।

ਇਸ ਲੇਖ ਰਾਹੀਂ ਸਰਬੱਤ ਗੁਰਸਿਖਾਂ ਤੇ ਵਿਦਵਾਨਾਂ ਨੂੰ ਬੇਨਤੀ ਕਰਦਾ ਹਾਂ ਕਿ ਨਿਸ਼ਾਨ ਸਾਹਿਬ ਤੇ ਇਹ ਜੋ ਸੋਨੇ ਦਾ ਖੰਡਾ ਲਾਣ ਦੀ (ਦਾਸ ਦੀ ਤੁਛ ਬੁਧੀ ਅਨੁਸਾਰ) ਪ੍ਰਪਾਟੀ ਤੋਰੀ ਜਾ ਰਹੀ ਹੈ, ਇਸ ਬਾਰੇ ਆਪਣੇ ਵਿਚਾਰ ਸਿਖ ਜਗਤ ਦੇ ਸਾਹਮਣੇ ਰਖਣ।



www.AKJ.Org

# ਨਾਨਕਵਾਦ–ਸਾਂਝੀਵਾਲਤਾ ਦਾ ਸਿਧਾਂਤ

[ਵਲੋਂ—ਸ: ਧਰਮ ਸਿੰਘ ਜੀ, ਭੰਖਰਪੁਰ]

ਅਜੋਕੇ ਸਮੇਂ ਵਿਚ ਵੱਡੀਆਂ ਵੱਡੀਆਂ ਸਾਜ਼ਸ਼ਾ ਅਧੀਨ ਸਿਖ ਧਰਮ ਤੇ ਕੋਝੇ ਤੇ ਅਸਹਿ ਵਾਰ ਕੀਤੇ ਜਾ ਰਹੇ ਹਨ, ਜਿਨ੍ਹਾਂ ਵਿਚ ਕੁਝ ਅਖੌਤੀ (ਨਕਲੀ) ਧਰਮਾਂ ਤੋਂ ਇਲਾਵਾ, ਕੁਝ ਸੁਆਰਥੀ ਸਿਆਸੀ ਪਾਰਟੀਆਂ ਵੀ ਸ਼ਾਮਲ ਹਨ। ਆਪਣੇ ਡਿੰਭ ਨੂੰ ਪਰਚਾਰਨ ਹਿਤ, ਜਾਂ ਰਾਜਸੀ ਤੌਰ ਤੇ ਆਪਣਾ ਉੱਲੂ ਸਿਧਾ ਕਰਨ ਹਿੱਤ, ਸਿਖ ਧਰਮ, ਸਿੱਖ ਅਸਥਾਨਾਂ, ਤੇ ਸਿਖ ਰਹਿਤ ਬਹਿਤ ਨੂੰ ਬਦਨਾਮ ਕਰ ਕੇ, ਸਿੱਖ-ਸਿਧਾਂਤ (ਜੋ ਸਹੀ ਅਰਥਾਂ ਵਿਚ ਸਾਂਝੀਵਾਲਤਾ, ਬਰਾਬਰਤਾ ਤੇ ਹਲੇਮੀ ਰਾਜ ਦਾ ਮਾਰਗ ਦਰਸਾਂਦਾ ਹੈ) ਨੂੰ ਗ਼ਲਤ ਤਰੀਕੇ ਨਾਲ ਪਰਚਾਰਿਆ ਜਾ ਰਿਹਾ ਹੈ।

ਕੁਝ ਹੋਰ ਅਖੌਤੀ ਧਰਮਾਂ ਨੂੰ, ਜਿਨ੍ਹਾਂ ਵਿਚ ਕੇਵਲ ਪਾਖੰਡ ਦਾ ਹੀ ਬੋਲ ਬਾਲਾ ਹੈ, ਕੁਝ ਸੁਆਰਥੀ ਰਾਜਸੀ ਜਮਾਤਾਂ ਸ਼ਹਿ ਦੇਣ ਲਈ ਤੱਤਪਰ ਹਨ।

ਵਰਤਮਾਨ ਸਮੇਂ ਵਿਚ ਹੋਰਨਾਂ ਤੋਂ ਇਲਾਵਾ ਕਮਿਊਨਿਸਟਾਂ ਵਲੋਂ ਜੋ ਸਿੱਖ-ਵਿਰੋਧੀ ਪਰਚਾਰ ਕੀਤਾ ਗਿਆ ਹੈ ਜਾਂ ਕੀਤਾ ਜਾ ਰਿਹਾ ਹੈ, ਇਹ ਕੇਵਲ ਉਨ੍ਹਾਂ ਦੇ ਰਾਜਸੀ ਹਿਤਾਂ ਦੀ ਪੂਰਤੀ ਲਈ ਹੀ ਤਾਂ ਹੈ। ਸਾਨੂੰ ਅਫ਼ਸੋਸ ਹੈ ਉਨ੍ਹਾਂ ਮਾਇਆਵਾਦੀ ਬੁੱਧੀਜੀਵੀਆਂ, ਲੇਖਕਾਂ ਜਾਂ ਲੀਡਰਾਂ ਉਤੇ, ਜਿਨ੍ਹਾਂ ਨੂੰ ਗੁਰੂ ਸਾਹਿਬਾਂ ਦਾ ਨਾਨਕਵਾਦ, ਜੋ ਸਹੀ ਅਰਥਾਂ ਵਿਚ ਸਾਂਝੀਵਾਲਤਾ ਦਾ ਮੁਦਈ ਹੈ, ਤਾਂ ਪਸਦ ਨਹੀਂ ਆਇਆ, ਪਰ ਲੈਨਿਨ-ਵਾਦ ਜਾਂ ਮਾਰਕਸਵਾਦ, ਉਹਨਾਂ ਦੀਆਂ ਨਜ਼ਰਾਂ ਵਿਚ ਬਹੁਤ ਹੀ ਚੰਗਾ ਹੈ। ਸ਼ਾਇਦ ਉਹ ਜਾਣਦੇ ਨਹੀਂ ਕਿ ਸਤਿਗੁਰਾਂ ਦਾ ਚਲਾਇਆ "ਨਾਨਕਵਾਦ" ਮਾਰਕਸਵਾਦ ਵਰਗਿਆਂ ਤੋਂ ਕਿਤੇ ਉਚੇ ਤੇ ਸੁਚੇ ਸਿਧਾਂਤਾਂ ਨਾਲ ਭਰਪੂਰ ਹੈ। ਇਸ ਦਾ ਇਤਿਹਾਸ ਵੀ ਕਿਤੇ ਪੁਰਾਣਾ, ਨਿੱਗਰ ਤੇ ਵਿਲੱਖਣ ਹੈ। ਪਰ ਸੋਚਣ ਵਾਲੀ ਗੱਲ ਇਹ ਹੈ ਕਿ ਜੋ ਲੋਕ ਆਪਣੇ ਵਿਰਸੇ ਵਾਲੀ ਵਿਚਾਰਧਾਰਾ ਨਾਲ ਗ਼ੱਦਾਰੀ ਕਰ ਸਕਦੇ ਹਨ, ਉਹ ਬਾਹਰਲੀ ਮਾਂਗਵੀਂ ਵਿਚਾਰਧਾਰਾ ਦੇ ਕਦੋਂ ਸੱਚੇ ਹਾਮੀ ਬਣ ਸਕਦੇ ਹਨ।

ਮੈਂ ਇਹਨਾਂ ਕੋਲੋਂ ਪੁੱਛਦਾ ਹਾਂ ਕਿ ਉਹ ਲੋਕ ਸਿੰਘਾਂ ਦੇ ਕਕਾਰਾਂ (ਕਿਰਪਾਨ) ਆਦਿ ਤੇ ਦੂੱਰਰਵਾਦੀ ਕਰਦੇ ਹਨ, ਜਾਂ ਕਿ ਉਹ "ਲਾਲ ਇਨਕਲਾਬ" ਦਾ ਹਊਆ ਖੜਾ ਕਰਦੇ ਹਨ। ਆਪਸ ਵਿਚ "ਲਾਲ ਸਲਾਮ" ਬੁਲਾ ਕੇ ਲਾਲ ਝੰਡੇ ਚੁੱਕੀ ਫਿਰਦੇ ਹਨ। ਕੀ ਇਹ ਲਾਲ ਇਨਕਲਾਬ ਕੇਵਲ ਨਾਅਰੇ ਮਾਰ ਕੇ ਹੀ ਲਿਆਉਣਗੇ ਜਾਂ ਕਿਸੇ ਹਥਿਆਰ ਨਾਲ ? ਜੇਕਰ ਨਾਅਰੇ-ਬਾਜ਼ੀ ਨਾਲ ਸਮਾਜਵਾਦ ਲਿਆਉਣਗੇ ਤਾਂ ਕਦੋਂ ? ਜੇਕਰ ਹਥਿਆਰਾਂ ਨਾਲ ਲਿਆਉਣਾ ਚਾਹੁੰਦੇ ਹਨ ਤਾਂ "ਅਤਿਵਾਦੀ" ਬਣ ਕੇ ? ਫਿਰ ਸਿੰਘਾਂ ਦੇ ਧਾਰਮਿਕ ਚਿੰਨ੍ਹ ਅਤੇ ਖ਼ਾਸ ਕਰਕੇ ਕਿਰਪਾਨ, ਜੋ ਗਰੀਬ ਗੁਰੀਬ ਦੀ ਰਖਵਾਲੀ ਦੀ ਜ਼ਾਮਨ ਹੈ, ਕੇਵਲ ਇਸੇ ਕਰਕੇ ਹੀ ਉਨ੍ਹਾਂ ਨੂੰ ਚੁਭਦੀ ਹੈ ਕਿ ਇਹ ਨਾਨਕਵਾਦ ਦੀ ਪ੍ਰਤੀਕ ਹੈ। ਕੀ ਇਹ ਚੰਗੀ ਗੱਲ ਹੈ ਕਿ ਜੇ ਕਮਿਊਨਿਸਟ ਇਨਕਲਾਬ ਦੀ ਗੱਲ ਕਰਨ ਤਾਂ ਸਮਾਜਵਾਦੀ, ਪਰ ਜੇ ਗੁਰੂ ਨਾਨਕ ਦੇ ਸਿੱਖ ਸਮਾਜਵਾਦ ਜਾਂ ਇਨਕਲਾਬ ਦੀ ਗੱਲ ਕਰਨ ਤਾਂ ਉਹ ਅਤਿਵਾਦੀ ਜਾਂ ਅਲੱਗਵਾਦੀ ? ਕੋਈ ਇਹਨਾਂ ਤੋਂ ਪੁੱਛੇ ਕਿ ਸਮੁੱਚੇ ਹਿੰਦੁਸਤਾਨ ਖ਼ਾਤਰ ਆਪਣਾ ਖ਼ੂਨ ਡੋਲ੍ਹਣ ਵਾਲੇ ਸਿੱਖ ਕਦੋਂ ਅਲੱਗ ਹਿੱਸੇ ਜਾਂ ਖ਼ਾਲਿਸਤਾਨ ਦੀ ਮੰਗ ਕਰ ਸਕਦੇ ਹਨ ? ਜਦ ਕਿ ਭਾਰਤ ਵਰਸ਼ ਦੇ ਸੱਚੇ ਸਪੂਤ ਤੇ ਅਸਲੀ ਵਾਰਸ ਹੀ ਗੁਰੂ ਨਾਨਕ ਦੇਵ ਜੀ ਦੇ ਸਿੰਘ ਸਰਦਾਰ ਹਨ।

ਸੋ ਖਾਲਸਾ ਜੀ ! ਜਿਥੇ ਅੱਜ ਪਾਖੰਡੀ ਗੁਰੂਆਂ ਦਾ ਕੌਮ ਨੂੰ ਸਖ਼ਤ ਮੁਕਾਬਲਾ ਕਰਨਾ ਪੈ ਰਿਹਾ ਹੈ, ਉਥੇ ਇਹਨਾਂ ਪਾਖੰਡੀਆਂ (ਰਾਜਸੀ ਚਾਲਾਂ ਚਲਣ ਵਾਲਿਆਂ) ਦਾ ਵੀ ਸਿੱਖ ਕੌਮ ਨੂੰ ਇਕ-ਮੁੱਠ ਹੋ ਕੇ ਹੀ ਮੁਕਾਬਲਾ ਕਰਨਾ ਹੈ। ਤਦੇ ਹੀ ਇਹਨਾਂ ਦਾ ਵਿਗੜਿਆ ਦਿਮਾਗ ਦਰੁਸਤ ਹੋ ਸਕਦਾ ਹੈ।



www.AKJ.Org

**ਬੇਨਤੀ**— ਪਿਛਲੇ ਦੋ ਮਹੀਨਿਆਂ ਤੋਂ ਲਗਾਤਾਰ, ਸੰਗਤਾਂ ਦੇ ਚਰਨਾਂ ਵਿਚ ਬੇਨਤੀ ਕੀਤੀ ਜਾ ਰਹੀ ਹੈ ਕਿ ਅਖੰਡ ਕੀਰਤਨੀ ਜਥੇ ਦੀ ਜਥੇ-ਬੰਦਕ ਮੀਟਿੰਗ ਦੁਸਹਿਰੇ ਦੇ ਸਮਾਗਮ ਤੇ ਦਿੱਲੀ ਵਿਖੇ ਹੋਣੀ ਨੀਯਤ ਹੋਈ ਹੈ । ਇਸ ਮੀਟਿੰਗ ਵਿਚ ਨਵੀਂ ਪਨੀਰੀ ਲਈ ਜਥੇ ਦਾ ਮੰਤਵ (ਨਿਸ਼ਾਨਾ) ਸਪੱਸ਼ਟ ਕਰਨਾ ਲਾਜ਼ਮੀ ਹੈ । ਜਥੇ ਨੂੰ ਹਰ ਪਹਿਲੂ ਤੋਂ ਤਸੱਲੀ-ਬਖਸ਼ ਅਤੇ ਪੂਰਨ ਅਗਵਾਈ ਦੇਣ ਲਈ ਕਿਸੇ ਯੋਗ ਵਿਅਕਤੀ ਨੂੰ ਜਥੇਦਾਰੀ ਦੀ ਸੇਵਾਂ ਸੌਂਪੀ ਜਾਣੀ ਜ਼ਰੂਰੀ ਹੈ। ਇਸ ਲਈ ਸਮੂਹ ਗੁਰਮੁਖਾਂ ਵੀਰਾਂ ਭੈਣਾਂ ਦੇ ਚਰਨਾਂ ਵਿਚ ਬੇਨਤੀ ਹੈ ਕਿ ਉਹ ਹੁਮ-ਹੁਮਾ ਕੇ ਇਸ ਮੀਟਿੰਗ ਵਿੱਚ ਹਾਜ਼ਰੀਆਂ ਭਰਨ ਦੀ ਕਿਰਪਾ ਕਰਨ । ਜੇ ਕੋਈ ਵਿਅਕਤੀ, ਸਿਹਤ ਜਾਂ ਕਿਸੇ ਕਾਰਨ ਦਿੱਲੀ ਨਾ ਪਹੁੰਚ ਸਕੇ ਤਾਂ ਉਹ ਆਪਣਾ ਭਰੋਸੇ-ਯੋਗ ਪ੍ਰਤੀਨਿਧ ਇਸ ਮੀਟਿੰਗ ਵਿਚ ਭੇਜ ਕੇ ਆਪਣੇ ਖ਼ਿਆਲਾਂ ਤੋਂ ਸੰਗਤਾਂ ਨੂੰ ਜਾਣੂ ਕਰਾਉਣ ਦੀ ਖੇਚਲ ਕਰੇ, ਤਾਂ ਜੁ ਸਮੂਹ ਸਿੰਘ ਸਿੰਘਣੀਆਂ ਇਸ ਜ਼ਿੰਮੇਵਾਰੀ ਦੇ ਭਾਈਵਾਲ ਸਮਝੇ ਜਾਵਣ । ਮੀਟਿੰਗ ਰੈਣ ਸਬਾਈ ਤੋਂ ਇਕ ਦਿਨ ਪਹਿਲਾਂ, ਬਾਅਦ ਦੁਪਹਿਰ ਰਿਹਾਇਸ਼ ਅਸਥਾਨ ਵਿਖੇ ਹੋਵੇਗੀ ।

ਖਾਲਸਾ ਜੀ ਦਾ ਸੇਵਕ—ਰਾਮ ਸਿੰਘ (ਜਥੇਦਾਰ, ਅਖੰਡ ਕੀਰਤਨੀ ਜਥਾ)

---

## ਹਰਿਦੁਆਰ ਵਿਖੇ ਅਖੰਡਪਾਠ ਤੇ ਅਖੰਡ ਕੀਰਤਨ ਸਮਾਗਮ

ਭਾਈ ਕੁੰਦਨ ਸਿੰਘ ਹਰਭਜਨ ਸਿੰਘ ਸੂਚਨਾ ਦਿੰਦੇ ਹਨ ਕਿ 269 ਟਾਈਪ ।।। ਸੈਕਟਰ 5-ਬੀ, B.H.E.L. ਹਰਿਦੁਆਰ ਵਿਖੇ 10 ਸਤੰਬਰ ਸਵੇਰੇ ਅਖੰਡਪਾਠ ਰਖੇ ਜਾਣਗੇ, ਸਾਮ ਨੂੰ 7 ਤੋਂ 10 ਤਕ ਕੀਰਤਨ ਗੁ: ਸਤੀ ਘਾਟ ਪਾ: ੩ ਕੰਖਲ ਵਿਖੇ । 11 ਸਤੰਬਰ ਸਵੇਰੇ 5 ਤੋਂ 12 ਤਕ ਕੀਰਤਨ ਸੈਕਟਰ 5-ਬੀ ਵਿਖੇ ਅਤੇ ਸ਼ਾਮ ਨੂੰ 7 ਤੋਂ 10 ਗੁ: ਹੇਮਕੁੰਟ ਟ੍ਰਸਟ ਰੇਲਵੇ ਸਟੇਸ਼ਨ ਦੇ ਪਿਛੇ ਹੋਵੇਗਾ । ਐਤਵਾਰ 12 ਸਤੰਬਰ ਸਵੇਰੇ ਸ੍ਰੀ ਅਖੰਡਪਾਠ ਦੇ ਭੋਗ ਉਪਰੰਤ 11 ਵਜੇ ਤਕ ਕੀਰਤਨ ਅਤੇ ਫਿਰ ਜਥਾ ਹੇਮਕੁੰਟ ਦੀ ਯਾਤਰਾ ਲਈ ਚਾਲੇ ਪਾਵੇਗਾ ।

ਦਾਸਰੇ—ਅਖੰਡ ਕੀਰਤਨੀ ਜਥਾ, ਹਰਿਦੁਆਰ (ਯੂ. ਪੀ.)

---

## ਅੰਬਾਲਾ ਛਾਉਣੀ ਵਿਖੇ ਸ੍ਰੀ ਅਖੰਡਪਾਠ ਤੇ ਰੈਣ ਸਬਾਈ ਕੀਰਤਨ

ਦਾਸਾਂ ਦੇ ਗ੍ਰਿਹਿ ਵਿਖੇ 30 ਸਤੰਬਰ ਸਵੇਰੇ ਅਖੰਡਪਾਠ ਅਰੰਭ ਹੋਣਗੇ ਅਤੇ 2 ਅਕਤੂਬਰ ਸ਼ਨੀਵਾਰ ਸਵੇਰੇ ਭੋਗ ਤੋਂ ਉਪਰੰਤ ਆਸਾ ਦੀ ਵਾਰ ਦੇ ਕੀਰਤਨ ਹੋਣਗੇ । ਰਾਤ ਨੂੰ ਰੈਣ ਸਬਾਈ ਕੀਰਤਨ ਹੋਣਗੇ । ਐਤਵਾਰ ਸਵੇਰੇ ਸਮਾਪਤੀ ਹੋਵੇਗੀ ।

ਦਾਸਰੇ—ਹਰਬੰਸ ਸਿੰਘ ਗੋਬਿੰਦ ਕੌਰ, ਮਕਾਨ ਨੰਬਰ 43-ਏ, ਨੇੜੇ ਗੁਰਦੁਆਰਾ ਗੋਬਿੰਦ ਨਗਰ, ਅੰਬਾਲਾ ਛਾਉਣੀ

---

## ਸ਼ਹੀਦਾਂ ਦੀ ਯਾਦ ਵਿਚ ਮਾਸਕ ਰੈਣ ਸਬਾਈ ਕੀਰਤਨ

ਭਾ: ਹਰਭਜਨ ਸਿੰਘ ਜੀ ਸੂਚਨਾ ਦਿੰਦੇ ਹਨ ਕਿ 18 ਸਤੰਬਰ ਸ਼ਨੀਵਾਰ ਦੀ ਰਾਤ ਨੂੰ ਸ਼ਹੀਦਾਂ ਦੀ ਯਾਦ ਵਿਚ ਗੁਰਦੁਆਰਾ ਰਾਮਸਰ ਸਾਹਿਬ ਵਿਖੇ ਰੈਣ ਸਬਾਈ ਕੀਰਤਨ ਹੋ ਰਹੇ ਹਨ । ਗੁਰੂ ਚਰਨਾਂ ਵਿਚ ਜੁੜੋ ਤੇ ਲਾਹੇ ਪ੍ਰਾਪਤ ਕਰੋ ਜੀ ।

---

## ਗੁ: ਕਿਲ੍ਹਾ ਲੋਹਗੜ੍ਹ ਸਾਹਿਬ ਤੇ ਗੁਰੂ ਕੇ ਮਹਿਲ ਵਿਖੇ ਅਖੰਡ ਕੀਰਤਨ

ਅਖੰਡ ਕੀਰਤਨੀ ਜਥਾ ਸ੍ਰੀ ਅੰਮ੍ਰਿਤਸਰ ਵਲੋਂ ਗੁ: ਕਿਲ੍ਹਾ ਲੋਹਗੜ੍ਹ ਸਾਹਿਬ ਵਿਖੇ 19 ਸਤੰਬਰ ਨੂੰ ਅਤੇ ਗੁਰਦੁਆਰਾ ਗੁਰੂ ਕੇ ਮਹਿਲ ਸ੍ਰੀ ਅੰਮ੍ਰਿਤਸਰ ਵਿਖੇ 26 ਸਤੰਬਰ ਐਤਵਾਰ ਸ਼ਾਮ ਨੂੰ 5-30 ਤੋਂ 7-30 ਤਕ ਸੋਦਰ ਦੀ ਚੌਕੀ ਦੇ ਕੀਰਤਨ ਹੋਣਗੇ ।

---

## 'ਸੂਰਾ' ਮਾਸਕ ਪੱਤਰ ਨੂੰ ਪੁੱਜੀ ਸਹਾਇਤਾ

| | | |
|---|---|---|
| ਬੀਬੀ ਕੁਲਵਿੰਦਰ ਕੌਰ ਨਿਰਵਾਣਾ | ਸ: ਨਰਿੰਦਰ ਸਿੰਘ ਦੇ ਅਨੰਦ ਦੀ ਖੁਸ਼ੀ ਵਿਚ | 31-00 |
| J.W.O. ਜੁਗਿੰਦਰ ਸਿੰਘ ਸੇਧੂ ਮਦਰਾਸ | ਪਿਤਾ ਜੀ ਦੇ ਅੰਤਮ ਭੋਗ ਸਮੇਂ | 21-00 |
| ਸ: ਜਗਤਾਰ ਸਿੰਘ ਨਵੀਂ ਦਿਲੀ | ਸਪੁਤਰ ਦੀ 24ਵੀਂ ਸਾਲਾਨਾ ਬਰਸੀ ਸਮੇਂ | 11-00 |
| ਬੀਬੀ ਗੁਰਲੀਨ ਕੌਰ ਪਿੰਡ ਹਰਿਆਣਾ | 'ਸੂਰਾ' ਦੀ ਚੜ੍ਹਦੀ ਕਲਾ ਲਈ | 64-68 |
| ਇਕ ਪ੍ਰੇਮੀ ਜੀ | ਚੜ੍ਹਾਵਾ ਕੀਰਤਨ ਸਮਾਗਮ | 15-61 |
| ਸ: ਹਰਪਾਲ ਸਿੰਘ X. E. N. ਤਰਨ ਤਾਰਨ | 'ਸੂਰਾ' ਦੀ ਚੜ੍ਹਦੀ ਕਲਾ ਲਈ | 11-00 |
| ਸ: ਬਲਦੇਵ ਸਿੰਘ ਜੀ ਮਠਾਰੂ ਬੰਬਈ | ਪਿਤਾ ਜੀ ਦੀ ਦੂਜੀ ਬਰਸੀ ਸਮੇਂ | 21-00 |
| ਸ: ਸਤਵੰਤ ਸਿੰਘ ਤਸੀਲਦਾਰ (ਰੀ:) ਸਪੁੱਤਰ ਗੁਰਪੁਰਵਾਸੀ ਕਰਨਲ ਪਿਆਰਾ ਸਿੰਘ ਜੀ ਜੈਪੁਰ | ਆਪਣੇ ਵਿਆਹ ਦੀ 50 ਸਾਲਾ ਗੋਲਡਨ ਜੁਬਲੀ ਦੀ ਖੁਸ਼ੀ ਵਿਚ | 25-00 |
| ਸ: ਜਗਦੇਵ ਸਿੰਘ ਖਾਲਸਾ 56 A. P. O. | 'ਸੂਰਾ' ਦੀ ਚੜ੍ਹਦੀ ਕਲਾ ਲਈ | 25-50 |
| ਸ: ਹਰਬਖਸ਼ ਸਿੰਘ ਸਰਾਈ ਇੰਗਲੈਂਡ | ,, ,, ,, | 50-00 |

www.AKJ.Org

# ਦਿਲੀ ਸਾਲਾਨਾ ਅਖੰਡ ਕੀਰਤਨ ਸਮਾਗਮ

ਐਤਕੀ ਦੁਸਹਿਰੇ ਦੀਆਂ ਤਰੀਕਾਂ ਵਿਚ ਸਰਕਾਰ ਤਬਦੀਲੀ ਕਰ ਰਹੀ ਹੈ । ਦੁਸਹਿਰੇ ਦੀ ਛੁਟੀ 27 ਸਤੰਬਰ ਦੀ ਥਾਂ ਸ਼ਾਇਦ 27 ਅਕਤੂਬਰ ਨੂੰ ਹੋਵੇਗੀ, ਇਸ ਲਈ ਸਮਾਗਮ 24 ਤੋਂ 27 ਅਕਤੂਬਰ ਹੋਵੇਗਾ । ਵੇਰਵਾ ਫਿਰ ਦਿਤਾ ਜਾਵੇਗਾ ।
ਪੁਛ ਗਿਛ ਲਈ—ਭਾਈ ਮੇਹਰ ਸਿੰਘ ਜੀ, 7/71-ਏ, ਮੋਤੀ ਨਗਰ, ਨਵੀਂ ਦਿਲੀ -15

# ਫ਼ੀਰੋਜ਼ਪੁਰ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਗੁਰਿਆਈ ਗੁਰਪੁਰਬ

15 ਤੋਂ 18 ਅਕਤੂਬਰ — ਵੇਰਵਾ ਆਉਂਦੇ ਪਰਚੇ ਵਿਚ

# ਮੇਰਠ ਵਿਖੇ ਕੀਰਤਨ ਸਮਾਗਮ ਤੇ ਰੈਣ ਸਬਾਈ

ਪੂਰਨ ਜੀ ਅਤੇ ਪੰਥ ਦੇ ਦੋ ਪਿਆਰੇ ਬੱਚਿਆਂ ਦੀ ਯਾਦ ਵਿਚ 4 ਸਤੰਬਰ ਸ਼ਨੀਵਾਰ ਸਵੇਰੇ 5 ਤੋਂ 12 ਤਕ ਗੁਰਦਵਾਰਾ ਸਤਿਸੰਗ ਸਦਰ ਬਜ਼ਾਰ ਵਿਖੇ ਆਸਾ ਦੀ ਵਾਰ ਦੇ ਕੀਰਤਨ ਅਤੇ ਰਾਤ ਨੂੰ ਗੁਰਦਵਾਰਾ ਸਿੰਘ ਸਭਾ ਥਾਪਰ ਨਗਰ, ਮੇਰਠ ਵਿਖੇ ਰੈਣ ਸਬਾਈ ਕੀਰਤਨ ਹੋ ਰਹੇ ਹਨ । ਐਤਵਾਰ ਸਵੇਰੇ ਸਮਾਪਤੀ ।

ਪੁਛ ਗਿਛ—ਸ: ਹਰਮੀਤ ਸਿੰਘ (ਫ਼ੋਨ 77127)
ਗੁਜਰਾਤੀ ਏਜੰਸੀ, ਸਾਹਮਣੇ ਕੈਂਟ ਹਸਪਤਾਲ, ਮੇਰਠ ਕੈਂਟ

ਦਾਸਰੇ—
ਅਖੰਡ ਕੀਰਤਨੀ ਜਥਾ, ਮੇਰਠ

# ਅਖੰਡ ਕੀਰਤਨੀ ਜਥਾ ਲੁਧਿਆਣਾ ਵਲੋਂ ਪਿੰਡਾਂ ਵਿਚ ਕੀਰਤਨ ਪ੍ਰੋਗਰਾਮ

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਦਬ ਸਤਿਕਾਰ ਖਾਤਰ ਹੋਏ ਸ਼ਹੀਦ ਸਿੰਘਾਂ ਦੀ ਯਾਦ ਵਿਚ ਲੁਧਿਆਣਾ ਜ਼ਿਲੇ ਦੇ ਪਿੰਡਾਂ ਵਿਚ ਹੋ ਰਹੇ ਹਫ਼ਤਾਵਾਰੀ ਮੰਗਲਵਾਰ ਸ਼ਾਮ 7-30 ਤੋਂ 9-30 ਦੇ ਪ੍ਰੋਗਰਾਮ ਮਹੀਨਾ ਸਤੰਬਰ ਅਕਤੂਬਰ ਦੇ ਹੇਠ ਲਿਖੇ ਅਨੁਸਾਰ ਹਨ—
14 ਸਤੰਬਰ ਟੂਸਾ, 21 ਸਤੰਬਰ ਬਜ਼ੁਰਗ (ਜਗਰਾਉਂ ਵਲ), 28 ਸਤੰਬਰ ਹੇਭੜਾ, 5 ਅਕਤੂਬਰ ਕਕਰਾਲਾ (ਸਮਰਾਲਾ ਵਲ)

ਦਾਸਰਾ—ਦਰਸ਼ਨ ਸਿੰਘ ਡਾਕਟਰ, 614-ਆਰ, ਮਾਡਲ ਟਾਊਨ, ਲੁਧਿਆਣਾ

# ਫਗਵਾੜਾ ਵਿਖੇ ਸਾਲਾਨਾ ਅਖੰਡਪਾਠ, ਅੰਮ੍ਰਿਤ-ਸਿੰਚਾਰ ਤੇ ਰੈਣ ਸਬਾਈ ਕੀਰਤਨ

ਗੁਰਦਵਾਰਾ ਸ੍ਰੀ ਗੁਰੂ ਸਿੰਘ ਸਭਾ, ਮਾਡਲ ਟਾਊਨ, ਜੀ. ਟੀ. ਰੋਡ, ਫਗਵਾੜਾ ਵਿਖੇ 9 ਸਤੰਬਰ ਨੂੰ ਸ੍ਰੀ ਅਖੰਡਪਾਠ ਅਰੰਭ ਹੋਣਗੇ ਅਤੇ 11 ਸਤੰਬਰ ਸ਼ਨੀਵਾਰ ਸਵੇਰੇ ਪਾਠ ਦੇ ਭੋਗ ਉਪਰੰਤ 10 ਵਜੇ ਤਕ ਕੀਰਤਨ ਹੋਣਗੇ । ਸ਼ਾਮ ਨੂੰ 7 ਵਜੇ ਅੰਮ੍ਰਿਤ-ਸਿੰਚਾਰ ਅਤੇ ਰਾਤ ਨੂੰ 8 ਵਜੇ ਰੈਣ ਸਬਾਈ ਕੀਰਤਨ ਅਰੰਭ ਹੋਣਗੇ । ਐਤਵਾਰ ਸਵੇਰੇ 6 ਵਜੇ ਸਮਾਪਤੀ ।

ਦਾਸਰੇ—ਅਖੰਡ ਕੀਰਤਨੀ ਜਥਾ, ਫਗਵਾੜਾ

# ਯਮੁਨਾ ਨਗਰ-ਜਗਾਧਰੀ ਵਿਖੇ ਸਾਲਾਨਾ ਅਖੰਡਪਾਠ ਤੇ ਰੈਣ ਸਬਾਈ ਕੀਤਰਨ ਸਮਾਗਮ

ਗੁ: ਸ੍ਰੀ ਗੁਰੂ ਸਿੰਘ ਸਭਾ ਜਗਾਧਰੀ ਵਰਕਸ਼ਾਪ ਵਿਚ 9 ਸਤੰਬਰ ਸਵੇਰੇ ਸ੍ਰੀ ਅਖੰਡਪਾਠ ਅਰੰਭ, 10 ਸਤੰਬਰ ਸਵੇਰੇ 4 ਤੋਂ 8 ਕੀਰਤਨ ਗੁਰਦਵਾਰਾ ਫਰਕਪੁਰ, ਸ਼ਾਮ ਸੋਦਰ ਦੀ ਚੌਕੀ ਗੁਰਦਵਾਰਾ ਮਾਡਲ ਕਾਲੋਨੀ, ਯਮੁਨਾ ਨਗਰ, 11 ਸਤੰਬਰ ਸ਼ਨੀਵਾਰ ਸਵੇਰੇ ਅਖੰਡਪਾਠ ਦੇ ਭੋਗ ਉਪਰੰਤ ਕੀਰਤਨ ਆਸਾ ਦੀ ਵਾਰ, ਰਾਤ ਅਠ ਵਜੇ ਰੈਣ ਸਬਾਈ ਕੀਰਤਨ ਜਗਾਧਰੀ ਵਰਕਸ਼ਾਪ ਵਿਖੇ ਅਰੰਭ, ਐਤਵਾਰ ਸਵੇਰੇ 6 ਵਜੇ ਸਮਾਪਤੀ ।

ਦਾਸਰੇ—ਅਖੰਡ ਕੀਰਤਨੀ ਜਥਾ, ਯਮੁਨਾ ਨਗਰ-ਜਗਾਧਰੀ

# ਮਾਸਕ ਰੈਣ ਸਬਾਈ ਕੀਰਤਨ ਪਿੰਡ ਮੁਤਿਓਂ (ਲੁਧਿਆਣਾ ਵਿਖੇ)

ਮਾ: ਸਤਵੰਤ ਸਿੰਘ ਰਾਮਪੁਰ ਸੂਚਨਾ ਦਿੰਦੇ ਹਨ ਕਿ 18 ਸਤੰਬਰ ਸ਼ਨੀਵਾਰ ਦੀ ਰਾਤ ਨੂੰ ਪਿੰਡ ਮੁਤਿਓਂ ਨੇੜੇ ਸਮਰਾਲਾ ਭਾਈ ਨਾਜ਼ਰ ਸਿੰਘ ਜੀ ਦੇ ਗ੍ਰਿਹ ਵਿਖੇ ਰੈਣ ਸਬਾਈ ਕੀਰਤਨ ਹੋ ਰਹੇ ਹਨ । ਲਾਹੇ ਪ੍ਰਾਪਤ ਕਰੋ ਜੀ ।

www.AKJ.Org